Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 152 25/10/2025 www.samajweekly.com samajweekly @samajweekly samajweekly

# ਮੋਟਰਸਾਈਕਲ ਦੀ ਟੱਕਰ ਕਾਰਨ ਵੋਲਵੋ ਬੱਸ ਨੂੰ ਲੱਗੀ ਅੱਗ, 20 ਵਿਅਕਤੀ ਜਿਉਂਦੇ ਸੜੇ

**ਕੁਰਨੂਲ,** ।ਆਂਧਰਾ ਪ੍ਰਦੇਸ਼ ਵਿੱਚ ਹੈਦਰਾਬਾਦ-ਬੈਂਗਲੁਰੂ ਹਾਈਵੇਅ ਤੇ ਕੁਰਨੂਲ ਵਿੱਚ ਇੱਕ ਮੋਟਰਸਾਈਕਲ ਨਾਲ ਟਕਰਾਉਣ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ। ਇਸ ਕਾਰਨ ਵਿਆਪਕ ਹੰਗਾਮਾ ਹੋਇਆ। ਹੁਣ ਤੱਕ, ਬੱਸ ਨੂੰ ਅੱਗ ਲੱਗਣ ਨਾਲ 20 ਲੋਕ ਸੜ ਕੇ ਮਰ ਗਏ ਹਨ। ਜ਼ਿਕਰਯੋਗ ਹੈ ਕਿ ਯਾਤਰੀ ਬੱਸ ਨੂੰ ਅੱਗ ਲੱਗਣ ਤੋਂ ਬਾਅਦ ਬਾਹਰ ਨਹੀਂ ਨਿਕਲ ਸਕੇ ਅਤੇ ਸੜ ਕੇ ਮਰ ਗਏ। ਬੱਸ ਵਿੱਚ 40 ਯਾਤਰੀ ਸਵਾਰ ਸਨ। ਇਹ ਹਾਦਸਾ ਅੱਜ ਸਵੇਰੇ ਉਦੋਂ ਵਾਪਰਿਆ ਜਦੋਂ ਹੈਦਰਾਬਾਦ-ਬੈਂਗਲੁਰੂ ਹਾਈਵੇਅ ਤੇ ਇੱਕ ਤੇਜ਼ ਰਫ਼ਤਾਰ ਬੱਸ ਇੱਕ ਮੋਟਰਸਾਈਕਲ ਨਾਲ ਟਕਰਾ ਗਈ। ਇਸ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ, ਜਿਸ ਨਾਲ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਲੋਕਾਂ ਨੇ ਬੱਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਇੰਨੀ ਤੇਜ਼ ਸੀ ਕਿ ਉਹ ਅੰਦਰ ਫਸ ਗਏ। ਹਾਲਾਂਕਿ, 20 ਲੋਕ ਨਿਕਲਣ ਵਿੱਚ ਕਾਮਯਾਬ ਹੋ ਗਏ। ਮਰਨ ਵਾਲਿਆਂ ਦੀ ਗਿਣਤੀ ਇਸ ਵੇਲੇ 20 ਹੈ। ਇਹ ਘਟਨਾ ਹੈਦਰਾਬਾਦ-ਬੈਂਗਲੁਰੂ ਹਾਈਵੇਅ ਤੇ ਕੁਰਨੂਲ ਜ਼ਿਲ੍ਹੇ ਦੇ ਚਿਨਾ ਟੇਕੁਰੂ ਪਿੰਡ ਵਿੱਚ



ਵਾਪਰੀ। ਇਹ ਹਾਦਸਾ ਅੱਜ ਸਵੇਰੇ ਵਾਪਰਿਆ। ਜਿਸ ਬੱਸ ਨੂੰ ਅੱਗ ਲੱਗੀ ਉਹ ਕਾਵੇਰੀ ਟਰੈਵਲਜ਼ ਦੀ ਮਾਲਕੀ ਵਾਲੀ ਇੱਕ ਨਿੱਜੀ ਬੱਸ ਸੀ। ਚਸ਼ਮਦੀਦਾਂ ਦੇ ਅਨੁਸਾਰ, ਬਾਈਕ ਨਾਲ ਟਕਰਾਉਣ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ। ਕੁਝ ਲੋਕ ਨਿਕਲਣ ਵਿੱਚ ਕਾਮਯਾਬ ਹੋ ਗਏ, ਜਦੋਂ ਕਿ ਕੁਝ ਅੰਦਰ ਹੀ ਸੜ ਕੇ ਮਰ ਗਏ। ਰਾਤ ਦੇ ਮੌਸਮ ਕਾਰਨ, ਸਮੇਂ ਸਿਰ ਮਦਦ ਨਹੀਂ ਮਿਲ ਸਕੀ, ਜਿਸ ਕਾਰਨ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਬਚਾਅ ਅਤੇ ਅੱਗ ਬੁਝਾਉਣ ਦੀਆਂ ਕਾਰਵਾਈਆਂ ਇਸ ਸਮੇਂ ਚੱਲ ਰਹੀਆਂ ਹਨ ਅਤੇ ਅਧਿਕਾਰੀਆਂ ਨੇ ਅਜੇ ਤੱਕ ਮ੍ਰਿਤਕਾਂ ਦੀ ਸਹੀ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ ਹੈ। ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਨੇ ਮਿੰਟਾਂ ਵਿੱਚ ਹੀ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਕੁਰਨੂਲ ਦੇ ਪੁਲੀਸ ਸੁਪਰਡੈਂਟ ਵਿਕਰਾਂਤ ਪਾਟਿਲ ਨੇ ਦੱਸਿਆ ਕਿ ਬੱਸ ਇੱਕ ਦੋਪਹੀਆ ਵਾਹਨ ਨਾਲ ਟਕਰਾ ਗਈ। ਦੋਪਹੀਆ ਵਾਹਨ ਬੱਸ ਦੇ ਹੇਠਾਂ ਫਸ ਗਿਆ ਸੀ, ਜਿਸ ਕਾਰਨ ਸ਼ਾਇਦ ਇੱਕ ਚੰਗਿਆੜੀ ਲੱਗੀ ਜਿਸ ਕਾਰਨ ਅੱਗ ਲੱਗੀ। ਉਨ੍ਹਾਂ ਅੱਗੇ ਕਿਹਾ ਕਿ ਫੋਰੈਂਸਿਕ ਸਾਇੰਸ ਲੈਬਾਰਟਰੀ ਟੀਮ ਅੱਗ ਲੱਗਣ ਦੇ ਸਹੀ ਕਾਰਨ ਦੀ ਜਾਂਚ ਕਰ ਰਹੀ ਹੈ। ਲਾਪਤਾ ਯਾਤਰੀਆਂ ਦਾ ਪਤਾ ਲਗਾਉਣ ਅਤੇ ਪੀੜਤਾਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਦਿੱਲੀ ਹਵਾਈ ਅੱਡੇ 'ਤੇ ਮਹਿਲਾ ਯਾਤਰੀ ਕੋਲੋਂ ਕਰੋੜਾਂ ਦਾ ਸੋਨਾ ਬਰਾਮਦ

## ਤਲਾਸ਼ੀ ਲੈਣ 'ਤੇ ਮਹਿਲਾ ਤੋਂ ਮਿਲੇ ਛੇ ਸੋਨੇ ਦੇ ਬਿਸਕੁਟ

**ਨਵੀਂ ਦਿਲੀ।** ਆਈਜੀਆਈ ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਨੂੰ ਇੱਕ ਔਰਤ ਦੇ ਕਬਜ਼ੇ ਵਿੱਚੋਂ ਛੇ ਸੋਨੇ ਦੇ ਬਿਸਕੁਟ ਮਿਲੇ, ਜਿਨ੍ਹਾਂ ਦਾ ਭਾਰ ਲਗਭਗ ਇੱਕ ਕਿਲੋਗ੍ਰਾਮ ਸੀ। ਸੋਨਾ ਜ਼ਬਤ ਕਰ ਲਿਆ ਗਿਆ ਹੈ ਅਤੇ ਔਰਤ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ, ਇੰਦਰਾ ਗਾਂਧੀ ਅੰਤਰਰਾਸ਼ਟਰੀ (IGI) ਹਵਾਈ ਅੱਡੇ 'ਤੇ ਦਿੱਲੀ ਕਸਟਮ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਯਾਂਗੂਨ ਤੋਂ ਫਲਾਈਟ ਨੰਬਰ 8M 620 'ਤੇ ਆ ਰਹੀ ਇੱਕ ਮਹਿਲਾ ਯਾਤਰੀ ਨੂੰ ਰੋਕਿਆ। ਯਾਤਰੀ ਨੂੰ ਗ੍ਰੀਨ ਚੈਨਲ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਸਮੇਂ ਰੋਕਿਆ



ਗਿਆ। ਨਿੱਜੀ ਤਲਾਸ਼ੀ ਲੈਣ 'ਤੇ, ਅਧਿਕਾਰੀਆਂ ਨੇ ਯਾਤਰੀ ਦੇ ਅੰਡਰਵੀਅਰ ਵਿੱਚ ਛੁਪਾਏ 997.5 ਗ੍ਰਾਮ ਵਜ਼ਨ ਦੇ ਛੇ ਸੋਨੇ ਦੇ ਬਿਸਕੁਟ ਬਰਾਮਦ ਕੀਤੇ। ਬਰਾਮਦ ਕੀਤੇ ਗਏ ਸੋਨੇ ਨੂੰ ਕਸਟਮ ਐਕਟ, 1962 ਦੇ ਉਪਬੰਧਾਂ ਤਹਿਤ ਜ਼ਬਤ ਕਰ ਲਿਆ ਗਿਆ।

# ਯੂਰਪ ਦੀਆਂ ਘੜੀਆਂ ਹੋ ਜਾਣਗੀਆਂ 26 ਅਕਤੂਬਰ ਤੜਕੇ (ਸਵੇਰੇ) 3 ਵਜੇ ਤੋਂ ਇੱਕ ਘੰਟਾ ਪਿੱਛੇ

**ਮਿਲਾਨ:** ਹਰ ਸਾਲ ਦੀ ਤਰ੍ਹਾਂ ਯੂਰਪੀਅਨ ਯੂਨੀਅਨ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਯੂਰਪੀਅਨ ਦੇਸ਼ਾਂ ਦੇ ਗਰਮੀਆਂ ਅਤੇ ਸਰਦੀਆਂ ਦਾ ਸਮਾਂ ਸੰਨ 2001 ਤੋਂ ਬਦਲਿਆ ਜਾਂਦਾ ਹੈ। ਹਰ ਸਾਲ ਮਾਰਚ ਅਤੇ ਅਕਤੂਬਰ ਮਹੀਨੇ ਪੂਰੇ ਯੂਰਪ ਦਾ ਟਾਈਮ ਟੇਬਲ ਬਦਲ ਜਾਂਦਾ ਹੈ ਭਾਵ ਕਦੇ ਇੱਕ ਘੰਟਾ ਪਿੱਛੇ ਚਲਾ ਜਾਂਦਾ ਹੈ ਅਤੇ ਕਦੇ ਇੱਕ ਘੰਟਾ ਅੱਗੇ ਆ ਜਾਂਦਾ ਹੈ । ਇਸ ਸਾਲ ਦੇ ਮਾਰਚ ਮਹੀਨੇ ਦੇ ਆਖ਼ਰੀ ਸ਼ਨੀਵਾਰ ਤੋਂ ਬਾਅਦ ਅਗਲੀ ਸਵੇਰ ਤੜਕੇ 2 ਵਜੇ ਯੂਰਪ ਦੀਆਂ ਤਮਾਮ ਘੜੀਆਂ ਇੱਕ ਘੰਟਾ ਅੱਗੇ ਆ ਗਈਆਂ ਸਨ ਮਤਲਬ ਜਿਵੇਂ ਕਿ ਜੇਕਰ ਘੜੀ ਅਨੁਸਾਰ ਰਾਤ ਨੂੰ 2 ਵਜੇ ਸੀ ਤਾਂ ਉਸ ਨੂੰ 3 ਸਮਝਿਆ ਗਿਆ ਤੇ ਇਹ ਟਾਇਮ ਇਸ ਤਰ੍ਹਾਂ ਹੀ ਇਸ ਸਾਲ ਅਕਤੂਬਰ ਮਹੀਨੇ ਦੇ ਆਖਰੀ ਸ਼ਨੀਵਾਰ ਤੱਕ ਚੱਲਣਾ ਹੈ ਤੇ ਸ਼ਨੀਵਾਰ ਤੋਂ ਬਾਅਦ ਅਗਲੀ ਸਵੇਰ ਤੜਕੇ 3 ਵਜੇ ਤਮਾਮ ਯੂਰਪ ਘੜੀਆਂ ਇੱਕ ਘੰਟਾ ਪਿੱਛੇ ਆ ਜਾਣਗੀਆਂ। ਸੋ ਇਸ ਲਈ ਹੁਣ ਜਦੋ ਅਕਤੂਬਰ ਦੇ ਆਖਰੀ ਸ਼ਨੀਵਾਰ ਭਾਵ 25 ਅਕਤੂਬਰ ਤੋਂ ਬਾਅਦ ਅਗਲੀ ਸਵੇਰ ਤੜਕੇ ਜਾਂਨੀ 26 ਅਕਤੂਬਰ ਨੂੰ ਜਦੋਂ ਘੜੀ 'ਤੇ 3 ਵਜੇ ਹੋਣਗੇ ਤਾਂ ਉਸ ਨੂੰ 2 ਵਜੇ ਸਮਝਿਆ ਜਾਵੇਗਾ। ਜਿਹੜੀਆਂ ਘੜੀਆਂ ਤਾਂ ਕੰਪਿਊਟਰ ਰਾਇਜ਼ਡ ਹਨ ਉਹ ਤਾਂ ਆਪਣੇ ਆਪ ਸਾਲ ਵਿੱਚ ਦੋ ਵਾਰ ਇੱਕ ਘੰਟੇ ਲਈ ਕਦੇ ਅੱਗੇ ਅਤੇ ਕਦੇ ਪਿੱਛੇ ਚਲੀਆਂ ਜਾਂਦੀਆਂ ਹਨ ਪਰ ਜਿਹੜੀਆਂ ਕੰਪਿਊਟਰ ਰਾਇਜ਼ਡ ਘੜੀਆਂ ਨਹੀਂ ਹਨ ਉਹਨਾਂ ਨੂੰ ਸਭ ਲੋਕ ਆਪ ਅੱਗੇ ਪਿੱਛੇ ਕਰ ਲੈਣਗੇ। ਇਸ ਟਾਇਮ ਦੇ ਬਦਲਾਵ ਨਾਲ ਯੂਰਪ ਵਿੱਚ ਰੈਣ ਬਸੇਰਾ ਕਰਦੇ ਵਿਦੇਸ਼ੀਆਂ ਨੂੰ ਹਰ ਸਾਲ ਮਾਰਚ ਅਤੇ ਅਕਤੂਬਰ ਮਹੀਨੇ ਵਿੱਚ ਸਮੇਂ ਦਾ ਭੁਲੇਖਾ ਲੱਗ ਜਾਂਦਾ ਹੈ ਜਿਸ ਕਾਰਨ ਉਹਨਾਂ ਨੂੰ ਕੰਮ ਉਪੱਰ ਆਉਂਦੇ ਜਾਂਦੇ ਪ੍ਰੇਸ਼ਾਨੀ ਦਾ ਸਾਹਮ੍ਹਣਾ ਪੈਂਦਾ ਹੈ।ਜਿਕਰਯੋਗ ਹੈ ਕਿ ਯੂਰਪ ਦੇ ਇਹ ਸਮੇ ਬਦਲਣ ਦੀ ਪ੍ਰਤੀਕ੍ਰਿਆ ਸੰਨ 2001 ਤੋ ਚਲੀ ਆ ਰਹੀ ਹੈ ਬੇਸਕ ਇਸ ਸਮੇ ਦੀ ਤਬਦੀਲੀ ਨਾਲ ਯੂਰਪੀਅਨ ਲੋਕ ਕਾਫੀ ਹੱਦ ਤਕ ਪ੍ਰਭਾਵਿਤ ਹੰਦੇ ਹਨ ਤੇ ਇਸ ਬਾਬਤ ਯੂਰਪੀਅਨ ਕਮਿਸਨ ਨੇ ਯੂਰਪ ਦੇ ਇਸ ਸਮਾ ਬਦਲਣ ਦੀ ਪ੍ਰਤੀਕਿਰਆ ਉਪਰ ਰੋਕ ਲਗਾਉਣ ਦਾ ਸੁਝਾਉ ਸੰਨ 2018 ਵਿੱਚ ਯੂਰਪੀਅਨ ਪਾਰਲੀਮੈਂਟ ਵਿਚ ਰੱਖਿਆ ਸੀ ਜਿਸ ਉਪਰ ਸਾਰਥਿਕ ਕਾਰਵਾਈ ਹੋਣ ਦੀ ਡੂੰਘੀ ਆਸ ਸੀ ਕਿਉਕਿ ਯੂਰਪੀਅਨ ਕਮਿਸਨ ਅਨੁਸਾਰ ਸਮੇ ਦੀ ਇਸ ਅਦਲਾ ਬਦਲੀ ਵਿਚ 28 ਦੇਸ ਪ੍ਰਭਾਵਿਤ ਹੁੰਦੇ ਹਨ ।ਯੂਰਪੀਅਨ ਕਮਿਸਨ ਦੇ ਇਸ ਸੁਝਾਉ ਉਪੱਰ ਕਾਫ਼ੀ ਵਿਚਾਰ ਚਰਚਾ ਦੇ ਇਹ ਮਤਾ ਸੰਸਦ ਵਿੱਚ 410 ਵੋਟਾਂ ਨਾਲ ਪਾਸ ਵੀ ਹੋ ਚੁੱਕਾ ਹੈ ।ਮਤੇ ਅਨੁਸਾਰ ਯੂਰਪੀਅਨ ਦੇਸ਼ਾਂ ਦੇ ਸਮਾਂ ਬਦਲਣ ਦੀ ਇਹ ਪ੍ਰੀਕ੍ਰਿਆ ਮਾਰਚ 2021 ਤੋਂ ਬੰਦ ਹੋਣੀ ਸੀ ਪਰ ਸ਼ਾਇਦ 2020 ਵਿੱਚ ਕੋਰੋਨਾ ਦੀ ਤਬਾਹੀ ਨੇ ਯੂਰਪੀਅਨ ਯੂਨੀਅਨ ਨੂੰ ਇਸ ਬਾਰੇ ਸੋਚਣ ਹੀ ਨਹੀਂ ਦਿੱਤਾ ਜਿਸ ਕਾਰਨ ਹੁਣ ਤੱਕ ਸਮਾਂ ਬਦਲਣ ਦੀ ਪ੍ਰਕਿਰਿਆ ਨਹੀਂ ਰੁੱਕ ਸਕੀ।ਗੌਰਤਲਬ ਹੈ ਕਿ ਯੂਰਪੀਅਨ ਦੇਸ਼ਾਂ ਵਿੱਚ ਸਮਾਂ ਬਦਲਣ ਦੀ ਪ੍ਰਕਿਆ ਨਾਲ ਜਿੱਥੇ ਗਰਮੀਆਂ ਵਿੱਚ ਰੌਸ਼ਨੀ ਲਈ ਬਿਜਲੀ ਦੀ ਖਪਤ ਘੱਟ ਜਾਂਦੀ ਹੈ ਉੱਥੇ ਹੀ ਸਰਦੀਆਂ ਵਿੱਚ ਇਹ ਖਪਤ ਵੱਧ ਜਾਂਦੀ ਹੈ। ਦੱਸਣਯੋਗ ਹੈ ਹਰ ਸਾਲ ਇਹ ਗੱਲ ਨਿਕਲ ਕੇ ਸਾਹਮਣੇ ਆਉਂਦੀ ਹੈ ਕਿ ਇਸ ਆਉਣ ਵਾਲੇ ਸਾਲ ਸਾਇਦ ਘੜੀਆਂ ਨੂੰ ਅੱਗੇ ਪਿੱਛੇ ਕਰਨ ਦੀ ਪ੍ਰਕਿਰਿਆ ਬੰਦ ਹੋ ਜਾਵੇਗੀ ਪਰ ਇਸ ਪ੍ਰਕਿਰਿਆ ਨੂੰ ਬਦਲਣ ਦਾ ਅੱਜ ਤੱਕ ਰੌਲਾ ਰੱਪਾ ਹੀ ਸੁਣਾਈ ਦਿੱਤਾ ਹੈ । ਯੂਰਪੀਅਨ ਯੂਨੀਅਨ ਵੱਲੋਂ ਕੋਈ ਵੀ ਫ਼ੈਸਲਾ ਨਾ ਲਿਆ ਗਿਆ ਜਿਸ ਤੋ ਇਹ ਸਪੱਸ਼ਟ ਹੈ ਕਿ ਸਾਲ ਵਿੱਚ ਦੋ ਵਾਰ ਗਰਮੀਆਂ ਤੇ ਸਰਦੀਆਂ ਵਿੱਚ ਇਹ ਘੜੀਆਂ ਨੂੰ ਅੱਗੇ ਪਿੱਛੇ ਕਰਨ ਦੀ ਪ੍ਰਕਿਰਿਆ ਇਸੇ ਤਰ੍ਹਾਂ ਜਾਰੀ ਰਹੇਗੀ।

# ਬੱਚੀ ਨਾਲ ਅਸ਼ਲੀਲ ਹਰਕਤ ਕਰਨ ਵਾਲੇ ਮੁਅੱਤਲ SHO ਭੂਸ਼ਣ ਕੁਮਾਰ 'ਤੇ ਲੱਗਿਆ ਪੋਕਸੋ ਐਕਟ

**ਜਲੰਧਰ।** ਜਲੰਧਰ ਦੇ ਫਿਲੌਰ ਥਾਣਾ ਦੇ ਮੁਅੱਤਲ ਐਸਐਚਓ ਭੂਸ਼ਣ ਕੁਮਾਰ ਵਿਰੁੱਧ ਪੋਕਸੋ ਐਕਟ ਲਗਾਇਆ ਗਿਆ ਹੈ। ਉਨ੍ਹਾਂ 'ਤੇ ਆਰੋਪ ਹੈ ਕਿ ਉਨ੍ਹਾਂ ਨੇ ਬਲਾਤਕਾਰ ਪੀੜਤਾ ਨੂੰ ਕਿਹਾ ਕਿ ਤੁਸੀਂ ਮੈਨੂੰ ਉਹ ਬਹੁਤ ਸੋਹਣੇ ਲੱਗਦੇ ਹੋ ਅਤੇ ਉਸ ਨੂੰ ਚੁੰਮਣ ਦੀ ਵੀ ਕੋਸ਼ਿਸ਼ ਕੀਤੀ। ਔਰਤਾਂ ਨਾਲ ਗੰਦੀਆਂ ਗੱਲਾਂ ਕਰਨ ਕਰਕੇ ਉਨ੍ਹਾਂ ਨੂੰ ਪਹਿਲਾਂ ਹੀ ਮੁਅੱਤਲ ਕਰਨ ਤੋਂ ਬਾਅਦ ਲਾਈਨ ਹਾਜ਼ਰ ਕੀਤਾ ਗਿਆ ਸੀ। ਬਾਅਦ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ। ਮਹਿਲਾ ਕਮਿਸ਼ਨ ਨੇ ਵੀ ਐਸਐਚਓ ਦੀ ਸਖ਼ਤ ਤਾੜਨਾ ਕੀਤੀ। ਐਸਐਸਪੀ ਨਰਿੰਦਰ ਪਾਲ ਸਿੰਘ ਨੇ ਏਐਸਪੀ ਮਨਜੀਤ ਕੌਰ ਦੀ ਨਿਗਰਾਨੀ ਹੇਠ ਤਿਆਰ ਕੀਤੀ ਆਈਪੀਐਸ ਜਾਂਚ ਰਿਪੋਰਟ ਨੂੰ ਅਗਲੇਰੀ ਜਾਂਚ ਲਈ ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੂੰ ਭੇਜ ਦਿੱਤਾ ਹੈ। ਇਹ ਧਿਆਨ ਦੇਣ ਯੋਗ ਹੈ ਕਿ



9 ਅਕਤੂਬਰ ਨੂੰ ਬਲਾਤਕਾਰ ਪੀੜਤਾ ਦੀ ਮਾਂ ਸ਼ਿਕਾਇਤ ਲੈ ਕੇ ਫਿਲੌਰ ਪੁਲਿਸ ਸਟੇਸ਼ਨ ਪਹੁੰਚੀ ਸੀ। ਔਰਤ ਦਾ ਦੋਸ਼ ਹੈ ਕਿ ਐਸਐਚਓ ਨੇ ਉਸ ਨਾਲ ਭੱਦੀ ਗੱਲ ਕੀਤੀ, ਉਸ ਨੂੰ ਇਕੱਲੇ ਮਿਲਣ ਲਈ ਕਿਹਾ, ਅਤੇ ਉਸਦੀ ਧੀ ਨਾਲ ਵੀ ਅਣਉਚਿਤ ਗੱਲ ਕੀਤੀ। ਦੋ ਦਿਨ ਪਹਿਲਾਂ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਫਿਲੌਰ ਥਾਣੇ ਦੇ ਮੁਅੱਤਲ ਐਸਐਚਓ ਭੂਸ਼ਣ ਕੁਮਾਰ ਨੂੰ ਚੰਡੀਗੜ੍ਹ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਸਖ਼ਤ ਤਾੜਨਾ ਕੀਤੀ ਸੀ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਐਸਐਚਓ ਨੂੰ ਕਿਹਾ, "ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਇਹ ਬਲਾਤਕਾਰ ਪੀੜਤ 14 ਸਾਲ ਦੀ ਹੈ, ਅਤੇ ਤੁਸੀਂ ਉਸ ਨਾਲ ਕਿਸ ਤਰ੍ਹਾਂ ਦੀ ਭਾਸ਼ਾ ਵਰਤ ਰਹੇ ਹੋ? 'ਮੈਨੂੰ ਤੁਸੀਂ ਸੁੰਦਰ ਲੱਗਦੇ ਹੋ' ਦਾ ਕੀ ਅਰਥ ਹੈ? ਉਹ ਤੁਹਾਡੀ ਪੋਤੀ ਦੀ ਉਮਰ ਦੀ ਹੈ। ਕੀ ਇਸ ਤਰ੍ਹਾਂ ਗੱਲ ਕੀਤੀ ਜਾਂਦੀ ਹੈ?"

## ਹੁਸ਼ਿਆਰਪੁਰ ਪੁਲੀਸ ਵੱਲੋਂ ਮੁਕਾਬਲੇ ਦੌਰਾਨ 2 ਮੁਲਜ਼ਮ ਕਾਬੂ

**ਹੁਸ਼ਿਆਰਪੁਰ।** ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਥਾਣੇ ਅਧੀਨ ਪੈਂਦੇ ਪਿੰਡ ਗੱਜਰ ਮੈਦੂਦ ਵਿਚ ਪੁਲੀਸ ਨੇ ਇੱਕ ਮੁਕਾਬਲੇਤੋਂ ਬਾਅਦ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਫੜੇ ਗਏ ਮੁਲਜ਼ਮ ਜਿਨ੍ਹਾਂ ਵਿੱਚ ਕੇਸ਼ਵ ਅਤੇ ਉਸ ਦਾ ਪਿਤਾ ਸ਼ਾਮਲ ਹਨ, ਦੀ ਹੁਸ਼ਿਆਰਪੁਰ ਪੁਲੀਸ ਨੂੰ ਪਹਿਲਾਂ ਤੋਂ ਕਈ ਮਾਮਲਿਆਂ ਵਿੱਚ ਤਲਾਸ਼ ਸੀ। ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਪਿਛਲੇ ਹਫ਼ਤੇ ਮਾਹਿਲਪੁਰ ਵਿੱਚ ਇੱਕ ਸੁਨਿਆਰੇ ਦੀ ਦੁਕਾਨ 'ਤੇ ਗੋਲੀ ਚਲਾਉਣ ਵਾਲੇ ਮੁਲਜ਼ਮ ਮੋਟਰਸਾਈਕਲ 'ਤੇ ਕਿਸੇ ਹੋਰ ਜੁਰਮ ਨੂੰ ਅੰਜਾਮ ਦੇਣ ਜਾ ਰਹੇ ਸਨ। ਜਦੋਂ ਪੁਲੀਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਉਹ ਆਪਣਾ ਮੋਟਰਸਾਈਕਲ ਜੇਜੋਂ ਤੋਂ ਉਤਾਰ ਕੇ ਗੱਜਰ ਮੈਦੂਦ ਵੱਲ ਜੰਗਲ ਵਿੱਚ ਲੈ ਗਏ। ਇਸ ਦੌਰਾਨ ਮੁਲਜ਼ਮਾਂ ਨੇ ਪੁਲੀਸ 'ਤੇ ਗੋਲੀ ਚਲਾ ਦਿੱਤੀ ਅਤੇ ਜਵਾਬੀ ਕਾਰਵਾਈ ਦੌਰਾਨ ਇੱਕ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ, ਜਿਸ ਤੋਂ ਬਾਅਦ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।



ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੇ ਕਬਜ਼ੇ 'ਚੋਂ ਇੱਕ ਰਿਵਾਲਵਰ ਅਤੇ ਕੁਝ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਐੱਸਐੱਸਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਪੁਲੀਸ ਕਰਮੀਆਂ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ।

## ਬੁਢਲਾਡਾ ਦੇ ਇੱਕ ਜੋੜੇ ਨੇ ਚਿੱਟੇ ਲਈ ਬੱਚੇ ਨੂੰ ਵੇਚਿਆ

### ਆਪਣੇ 6 ਮਹੀਨੇ ਦੇ ਬੱਚੇ ਨੂੰ 1,80,000 ਰੁਪਏ 'ਚ ਵੇਚਿਆ




**ਮਾਨਸਾ।** ਚਿੱਟੇ ਨੇ ਕਈ ਘਰ ਬਰਬਾਦ ਕਰ ਦਿੱਤੇ ਹਨ। ਇੱਕ ਅਨੋਖੀ ਕਹਾਣੀ ਸਾਹਮਣੇ ਆਈ ਹੈ। ਇੱਕ ਜੋੜੇ ਨੇ ਨਸ਼ੇ ਕਾਰਨ ਆਪਣਾ 6 ਮਹੀਨੇ ਦਾ ਬੱਚਾ ਵੇਚ ਦਿੱਤਾ। ਮਾਨਸਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ, ਇੱਕ ਗਰੀਬ ਪਰਿਵਾਰ ਨੇ ਸਿਰਫ਼ ਚਿੱਟੇ ਲਈ ਆਪਣਾ 6 ਮਹੀਨੇ ਦਾ ਬੱਚਾ ਵੇਚ ਦਿੱਤਾ। ਬੁਢਲਾਡਾ ਦੇ ਇੱਕ ਪਰਿਵਾਰ ਨੇ ਬੱਚੇ ਨੂੰ 1,80,000 ਰੁਪਏ ਵਿੱਚ ਵੇਚ ਦਿੱਤਾ, ਭਾਵੇਂ ਪਰਿਵਾਰ ਦਾ ਕੋਈ ਬੱਚਾ ਹੀ ਨਹੀਂ ਸੀ। ਗੁਰਮਨ ਕੌਰ ਅਤੇ ਉਸ ਦਾ ਪਤੀ ਸੰਦੀਪ ਸਿੰਘ ਪੱਤੀ ਕਈ ਸਾਲਾਂ ਤੋਂ ਚਿੱਟੇ ਦੇ ਆਦੀ ਸਨ। ਉਨ੍ਹਾਂ ਦੇ ਘਰ ਇੱਕ ਬੱਚੇ ਦਾ ਜਨਮ ਹੋਇਆ, ਜਿਸ ਨੂੰ ਉਨ੍ਹਾਂ ਨੇ ਬੁਢਲਾਡਾ ਦੇ ਇੱਕ ਪਰਿਵਾਰ ਨੂੰ ਵੇਚ ਦਿੱਤਾ। ਗੁਰਮਨ ਕੌਰ, ਇੱਕ ਰਾਜ ਪੱਧਰੀ ਪਹਿਲਵਾਨ ਸੀ। ਉਹ ਇੰਸਟਾਗ੍ਰਾਮ 'ਤੇ ਮਿਲੇ ਅਤੇ ਫਿਰ ਵਿਆਹ ਕਰਵਾ ਲਿਆ। ਕੁਝ ਸਮੇਂ ਬਾਅਦ, ਉਸ ਨੇ ਵੀ ਚਿੱਟੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਮਾਮਲੇ ਵਿੱਚ, ਬਰੇਟਾ ਪੁਲਿਸ ਨੇ ਫ਼ੋਨ 'ਤੇ ਦੱਸਿਆ ਕਿ ਜੋੜੇ ਨੇ ਇੱਕ ਗੋਦ-ਨਾਮਾ ਲਿਖਿਆ ਹੈ, ਜਿਸ ਕਾਰਨ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਹਾਲਾਂਕਿ, ਗੋਦਨਾਮਾ ਲਿਖਣ ਵੇਲੇ, ਇੱਕ ਸ਼ਰਤ ਹੈ ਕਿ ਇਸਦੇ ਬਦਲੇ ਕੋਈ ਪੈਸਾ ਨਹੀਂ ਲਿਆ ਜਾਵੇਗਾ।

## ਹੱਥ ਤੇ ਖ਼ੁਦਕੁਸ਼ੀ ਨੋਟ ਲਿਖ ਕੇ ਮਹਿਲਾ ਡਾਕਟਰ ਨੇ ਦਿੱਤੀ ਜਾਨ; ਪੁਲੀਸ ਮੁਲਾਜ਼ਮਾਂ 'ਤੇ ਜਬਰ-ਜਨਾਹ ਦੇ ਇਲਜ਼ਾਮ !

**ਪੁਣੇ।** ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਇੱਕ ਮਹਿਲਾ ਡਾਕਟਰ ਨੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਪੁਲੀਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸਨੇ ਦੋ ਪੁਲੀਸ ਮੁਲਾਜ਼ਮਾਂ 'ਤੇ ਬਲਾਤਕਾਰ ਅਤੇ ਮਾਨਸਿਕ ਪਰੇਸ਼ਾਨੀ ਦੇ ਦੋਸ਼ ਲਗਾਉਂਦਿਆਂ ਇੱਕ ਨੋਟ ਛੱਡਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਪੀੜਤਾ ਵੀਰਵਾਰ ਦੇਰ ਰਾਤ ਫਲਟਨ ਦੇ ਇੱਕ ਹੋਟਲ ਦੇ ਕਮਰੇ ਵਿੱਚ ਲਟਕਦੀ ਮਿਲੀ, ਜਿਸ ਤੋਂ ਬਾਅਦ ਪੁਲੀਸ ਨੂੰ ਸੂਚਿਤ ਕੀਤਾ ਗਿਆ। ਇੱਕ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਬੀਡ ਜ਼ਿਲ੍ਹੇ ਦੀ ਰਹਿਣ ਵਾਲੀ ਸੀ ਅਤੇ ਫਲਟਨ ਤਹਿਸੀਲ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੀ ਸੀ। ਆਪਣੀ ਹਥੇਲੀ 'ਤੇ ਲਿਖੇ ਖੁਦਕੁਸ਼ੀ ਨੋਟ ਵਿੱਚ ਪੀੜਤਾ ਨੇ ਦੋਸ਼ ਲਗਾਇਆ ਹੈ ਕਿ ਪਿਛਲੇ ਪੰਜ ਮਹੀਨਿਆਂ ਦੌਰਾਨ, ਸਤਾਰਾ ਪੁਲੀਸ ਦੇ ਦੋ ਪੁਲੀਸ ਮੁਲਾਜ਼ਮਾਂ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਮਾਨਸਿਕ



ਤੌਰ 'ਤੇ ਤਸੀਹੇ ਦਿੱਤੇ, ਜਿਸ ਕਾਰਨ ਉਸਨੇ ਖੁਦਕੁਸ਼ੀ ਕਰ ਲਈ। ਉਸਨੇ ਲਿਖਿਆ ਕਿ ਸਬ-ਇੰਸਪੈਕਟਰ ਗੋਪਾਲ ਬਦਾਨੇ ਨੇ ਉਸ ਨਾਲ ਕਈ ਵਾਰ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਕੀਤਾ ਅਤੇ ਇੱਕ ਹੋਰ ਪੁਲੀਸ ਕਰਮਚਾਰੀ, ਪ੍ਰਸ਼ਾਂਤ ਬਾਂਕਰ, ਨੇ ਵੀ ਉਸਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ। ਇਸ ਦੌਰਾਨ ਮਹਾਰਾਸ਼ਟਰ ਮਹਿਲਾ ਕਮਿਸ਼ਨ ਦੀ ਮੁਖੀ ਰੂਪਾਲੀ ਚਾਕਂਕਰ ਨੇ ਕਿਹਾ, "ਅਸੀਂ ਮਾਮਲੇ ਦਾ ਨੋਟਿਸ ਲਿਆ ਹੈ ਅਤੇ ਸਤਾਰਾ ਪੁਲੀਸ ਨੂੰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਦੋਸ਼ੀਆਂ ਦੀ ਭਾਲ ਲਈ ਟੀਮਾਂ ਤਾਇਨਾਤ ਕਰ ਦਿੱਤੀਆਂ ਗਈਆਂ ਹਨ। ਇਸ ਮੰਦਭਾਗੀ ਘਟਨਾ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।"


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।



## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸ਼ਿਕਾਰੀ ਮਾਤਾ ਮੰਦਰ ਤੋਂ ਵਾਪਸ ਆਉਂਦੇ ਸਮੇਂ ਲਾਪਤਾ ਹੋਇਆ ਪਰਿਵਾਰ ਸੁਰੱਖਿਅਤ ਮਿਲਿਆ

**ਮੰਡੀ:** ਜੰਜੇਲੀ ਦੇ ਸ਼ਿਕਾਰੀ ਮਾਤਾ ਮੰਦਰ ਤੋਂ ਵਾਪਸ ਆਉਂਦੇ ਸਮੇਂ ਰਸਤਾ ਭਟਕਣ ਵਾਲੇ ਅੱਠ ਮੈਂਬਰਾਂ ਵਾਲੇ ਪਰਿਵਾਰ ਨੂੰ ਅੱਜ ਸਵੇਰੇ ਤੰਗਰਾਲ ਨਾਲਾ ਨੇੜੇ ਸੁਰੱਖਿਅਤ ਲੱਭ ਲਿਆ ਗਿਆ। ਦਾਦੌਰ ਇਲਾਕੇ ਦੇ ਰਹਿਣ ਵਾਲੇ ਇਹ ਪਰਿਵਾਰ ਕੱਲ੍ਹ ਸ਼ਾਮ, 23 ਅਕਤੂਬਰ ਨੂੰ ਸ਼ਾਮ 7:30 ਵਜੇ ਦੇ ਕਰੀਬ ਸੰਘਣੇ ਜੰਗਲ ਅਤੇ ਧੁੰਦ ਕਾਰਨ ਰਸਤਾ ਭਟਕ ਗਿਆ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਇੱਕ ਸ਼ਧ੍ਰਢ ਟੀਮ ਰਾਤ 11:00 ਵਜੇ ਜੰਜੇਲੀ ਲਈ ਰਵਾਨਾ ਕੀਤੀ ਗਈ ਅਤੇ ਸਵੇਰੇ 2:00 ਵਜੇ ਰੁਹਾਦਾ ਖੇਤਰ ਪਹੁੰਚੀ ਅਤੇ ਖੋਜ ਅਤੇ ਬਚਾਅ ਕਾਰਜ ਸ਼ੁਰੂ ਕੀਤਾ। ਪਰਿਵਾਰ ਦੇ ਸਾਰੇ ਮੈਂਬਰ ਸਵੇਰੇ 6:30 ਵਜੇ ਦੇ ਕਰੀਬ ਸੁਰੱਖਿਅਤ ਮਿਲ ਗਏ। ਸ਼ਧੰ ਥੁਨਾਗ ਮਨੂ ਵਰਮਾ ਰਾਤ ਭਰ ਮੌਕੇ 'ਤੇ ਰਹੇ, ਬਚਾਅ ਕਾਰਜਾਂ ਦੀ ਨਿਗਰਾਨੀ ਕੀਤੀ। ਪੁਲਿਸ, ਮਾਲ ਵਿਭਾਗ, ਹੋਮ ਗਾਰਡ, ਫਾਇਰ ਬ੍ਰਿਗੇਡ ਅਤੇ ਸਥਾਨਕ ਵਲੰਟੀਅਰਾਂ ਦੀਆਂ ਟੀਮਾਂ ਨੇ ਮੁਸ਼ਕਲ ਹਾਲਾਤਾਂ ਵਿੱਚ ਕਾਰਵਾਈ ਨੂੰ ਪੂਰਾ ਕਰਨ ਲਈ ਤਾਲਮੇਲ ਵਿੱਚ ਕੰਮ ਕੀਤਾ। ਪਰਿਵਾਰ, ਜਿਸ ਵਿੱਚ ਸੇਵਾਮੁਕਤ ਪ੍ਰਿੰਸੀਪਲ ਰਾਜੇਂਦਰ ਕੁਮਾਰ ਸਮੇਤ ਅੱਠ ਮੈਂਬਰ ਸਨ, ਮੰਦਰ ਤੋਂ ਵਾਪਸ ਆਉਂਦੇ ਸਮੇਂ ਆਪਣਾ ਰਸਤਾ ਭਟਕ ਗਿਆ ਸੀ। ਜੰਜੇਹਲੀ ਦੀ ਰਹਿਣ ਵਾਲੀ ਅਤੇ ਰਾਜੇਂਦਰ ਕੁਮਾਰ ਦੀ ਸਾਬਕਾ ਵਿਦਿਆਰਥਣ ਆਰਤੀ ਵੀ ਉਨ੍ਹਾਂ



ਨਾਲ ਮੌਜੂਦ ਸੀ। ਉਪ ਪ੍ਰਧਾਨ ਭੀਮ ਸਿੰਘ ਨੇ ਜੰਜੇਹਲੀ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਤਿੰਨ ਵੱਖ-ਵੱਖ ਖੋਜ ਟੀਮਾਂ ਤਾਇਨਾਤ ਕੀਤੀਆਂ ਗਈਆਂ: ਪਹਿਲੀ ਬੁਢਾਕੇਦਾਰ ਵੱਲ, ਦੂਜੀ ਰਾਏਗੜ੍ਹ ਖੇਤਰ ਤੋਂ ਮੁੱਖ ਸੜਕ ਵੱਲ, ਅਤੇ ਤੀਜੀ ਡੇਜੀ ਤੋਂ ਪਖਥਿਆਰ ਵੱਲ। ਜਦੋਂ ਸ਼ੁਰੂਆਤੀ ਖੋਜ ਅਸਫਲ ਰਹੀ, ਤਾਂ ਜ਼ਿਲ੍ਹਾ ਐਮਰਜੈਂਸੀ ਆਪ੍ਰੇਸ਼ਨ ਸੈਂਟਰ, ਮੰਡੀ ਰਾਹੀਂ ਐਸਡੀਆਰਐਫ ਨੂੰ ਤਾਇਨਾਤ ਕੀਤਾ ਗਿਆ। ਪ੍ਰਸ਼ਾਸਨ ਅਤੇ ਪੁਲਿਸ ਦੇ ਸਾਂਝੇ ਯਤਨਾਂ ਸਦਕਾ, ਕਾਰਵਾਈ ਪੂਰੀ ਤਰ੍ਹਾਂ ਸਫਲ ਰਹੀ, ਅਤੇ ਸਾਰੇ ਮੈਂਬਰ ਸੁਰੱਖਿਅਤ ਆਪਣੇ ਪਰਿਵਾਰਾਂ ਕੋਲ ਵਾਪਸ ਆ ਗਏ ਹਨ।

## ਤਰਨ ਤਾਰਨ ਜ਼ਿਮਨੀ ਚੋਣ: 5 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਲਏ ਗਏ ਵਾਪਸ

**ਚੰਡੀਗੜ੍ਹ।** ਪੰਜਾਬ ਵਿਧਾਨ ਸਭਾ ਦੀ 21-ਤਰਨ ਤਾਰਨ ਸੀਟ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦਾਖਲ ਕਰਨ ਵਾਲੇ 5 ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਲਏ ਗਏ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਅੱਜ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਪੰਜ ਉਮੀਦਵਾਰਾਂ ਹਰਪਾਲ ਸਿੰਘ, ਨਿਰਮਲ ਕੌਰ, ਗੁਰਮੀਤ ਕੌਰ, ਸਾਰਿਕਾ ਜੌੜਾ ਅਤੇ ਹਰਪ੍ਰੀਤ ਸਿੰਘ ਨੇ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਲਈਆਂ ਹਨ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 20 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਸਨ ਅਤੇ ਹੁਣ ਪੰਜ ਨਾਮਜ਼ਦਗੀ ਪੱਤਰ ਵਾਪਸ ਲੈਣ ਮਗਰੋਂ ਕੁੱਲ ਉਮੀਦਵਾਰਾਂ ਦੀ ਗਿਣਤੀ 15 ਰਹਿ ਗਈ ਹੈ ਜੋ ਕਿ ਇਸ ਪ੍ਰਕਾਰ ਹਨ :- ਸੁਖਵਿੰਦਰ ਕੌਰ (ਸ਼੍ਰੋਮਣੀ ਅਕਾਲੀ ਦਲ), ਹਰਜੀਤ ਸਿੰਘ ਸੰਧੂ (ਭਾਰਤੀ ਜਨਤਾ ਪਾਰਟੀ), ਹਰਮੀਤ ਸਿੰਘ ਸੰਧੂ (ਆਮ ਆਦਮੀ ਪਾਰਟੀ), ਕਰਨਬੀਰ ਸਿੰਘ (ਇੰਡੀਅਨ ਨੈਸ਼ਨਲ ਕਾਂਗਰਸ), ਸ਼ਾਮ ਲਾਲ ਗਾਂਧੀ (ਸੱਚੋ ਸੱਚ ਪਾਰਟੀ), ਨਾਇਬ ਸਿੰਘ (ਨੈਸ਼ਨਲਿਸਟ




ਜਸਟਿਸ ਪਾਰਟੀ), ਅਰੁਣ ਕੁਮਾਰ ਖੁਰਮੀ ਰਾਜਪੂਤ (ਆਜ਼ਾਦ), ਹਰਪਾਲ ਸਿੰਘ ਭੰਗੂ (ਆਜ਼ਾਦ), ਹਰਬਰਿੰਦਰ ਕੌਰ ਉਸਮਾਨ (ਆਜ਼ਾਦ), ਐਡਵੋਕੇਟ ਕੋਮਲਪ੍ਰੀਤ ਸਿੰਘ (ਆਜ਼ਾਦ), ਜਸਵੰਤ ਸਿੰਘ ਸੋਹਲ (ਆਜ਼ਾਦ), ਨੀਟੂ ਸ਼ਟਰਾਂ ਵਾਲਾ (ਆਜ਼ਾਦ), ਮਨਦੀਪ ਸਿੰਘ (ਆਜ਼ਾਦ), ਮਨਦੀਪ ਸਿੰਘ ਖਾਲਸਾ (ਆਜ਼ਾਦ) ਅਤੇ ਵਿਜੈ ਕੁਮਾਰ (ਆਜ਼ਾਦ)। ਜ਼ਿਕਰਯੋਗ ਹੈ ਕਿ 11 ਨਵੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ ਅਤੇ 14 ਨਵੰਬਰ 2025 ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# 'ਇਮਾਨਦਾਰ' ਪੁਲਿਸ ਅਫ਼ਸਰ ਭੁੱਲਰ ਦੇ ਮਾਛੀਵਾੜਾ ਨੇੜਲੇ ਫਾਰਮ ਉੱਤੇ ਸਰਕਾਰੀ ਟੀਮਾਂ ਨੇ ਦਿੱਤੀ ਦਸਤਕ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਇਨੀ ਦਿਨੀ ਪੰਜਾਬ ਪੁਲਿਸ ਦੇ ਉੱਚ ਪੁਲਿਸ ਅਫਸਰਾਂ ਦੀਆਂ ਮੁਸ਼ਕਿਲਾਂ ਵਧੀਆਂ ਹੋਈਆਂ ਹਨ। ਪੰਜਾਬ ਪੁਲਿਸ ਦੇ ਵਿੱਚੋਂ ਬਹੁਤ ਹੀ 'ਇਮਾਨਦਾਰ' ਕਹੇ ਜਾਣ ਵਾਲੇ ਹਰਚਰਨ ਸਿੰਘ ਭੁੱਲਰ ਨੂੰ ਸੀਬੀਆਈ ਨੇ ਰਿਸ਼ਵਤ ਮਾਮਲੇ ਦੇ ਵਿੱਚ ਕਾਬੂ ਕੀਤਾ ਹੋਇਆ ਹੈ ਉਸ ਦੇ ਘਰੋਂ ਵੱਡੀ ਗਿਣਤੀ ਵਿੱਚ ਮਿਲੀ ਨਕਦੀ ਹੋਰ ਕੀਮਤੀ ਸਮਾਨ ਤੋਂ ਇਲਾਵਾ ਬੈਂਕਾਂ ਦੇ ਅਲੱਗ ਅਲੱਗ ਲਾਕਰ ਵੀ ਸਾਹਮਣੇ ਆਏ ਹਨ ਸਾਰੇ ਮਾਮਲੇ ਦੀ ਜਾਂਚ ਸੀਬੀਆਈ ਬਹੁਤ ਹੀ ਬਰੀਕੀ ਦੇ ਨਾਲ ਕਰ ਰਹੀ ਹੈ ਜਿਹੜੇ ਦਸਤਾਵੇਜ



ਤੋਂ ਕਿਸੇ ਵੀ ਜਮੀਨ ਜਾਇਦਾਦ ਜਾਂ ਹੋਰ ਕਾਸੇ ਦਾ ਪਤਾ ਲੱਗਦਾ ਹੈ ਤਾਂ ਉਸਦੀ ਜਾਂਚ ਕੀਤੀ ਜਾ ਰਹੀ ਹੈ। ਹਰਚਰਨ ਸਿੰਘ ਭੁੱਲਰ ਦੇ ਮਾਛੀਵਾੜਾ ਦੇ ਬੇਟ ਇਲਾਕੇ ਦੇ ਵਿੱਚ ਮੰਡ ਸੇਰੀਆਂ ਵਿੱਚ ਭੁੱਲਰ ਫਾਰਮ ਹਾਊਸ ਬਣਿਆ ਹੋਇਆ ਹੈ ਜਿਸ ਵਿੱਚ 40 ਕਿੱਲੇ ਦੇ ਲਗਭਗ ਜਮੀਨ ਦੱਸੀ ਜਾ ਰਹੀ ਹੈ ਬੇਟ ਦੇ ਪੇਂਡੂ ਇਲਾਕੇ ਵਿੱਚ ਅੱਜ ਸਰਕਾਰੀ ਜਾਂਚ ਟੀਮਾਂ ਨੇ ਦਸਤਕ ਦਿੱਤੀ ਸਰਕਾਰੀ ਗੱਡੀਆਂ ਇਸ ਫਾਰਮ ਹਾਊਸ ਦੇ ਵਿੱਚ ਪੁੱਜੀਆਂ ਪੁਲਿਸ ਪਹਿਰੇ ਹੇਠ ਤਲਾਸ਼ੀ ਹੋਈ ਸੀਬੀਆਈ ਅਧਿਕਾਰੀਆਂ ਵੱਲੋਂ ਇਹ ਕਿਹਾ ਗਿਆ ਸੀ ਕਿ ਜੋ ਕੁਝ ਪ੍ਰਾਪਤ ਹੋਵੇਗਾ ਉਸ ਦੀ ਜਾਣਕਾਰੀ ਦਿੱਤੀ ਜਾਵੇਗੀ।

# ਏਕਨੂਰ ਸਪੋਰਟਸ ਐਂਡ ਵੈਲਫੇਅਰ ਕਲੱਬ ਬਖੋਪੀਰ ਵੱਲੋਂ ਕੀਤੀ ਗਈ ਸਲਾਨਾ ਮੀਟਿੰਗ

**(ਸਮਾਜ ਵੀਕਲੀ)**24-10-2025 ਸੰਦੀਪ ਸਿੰਘ 'ਬਖੋਪੀਰ' ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਅੱਜ ਏਕਨੂਰ ਸਪੋਰਟਸ ਐਂਡ ਵੈਲਫੇਅਰ ਕਲੱਬ ਬਖੋਪੀਰ ਦੇ ਸਮੂਹ ਮੈਂਬਰ ਸਾਹਿਬਾਨਾਂ ਦੀ ਸਲਾਨਾ ਮੀਟਿੰਗ ਕੀਤੀ ਗਈ ਜਿਸ ਵਿੱਚ ਕਲੱਬ ਦੀਆਂ ਸਲਾਨਾ ਕਾਰਗੁਜ਼ਾਰੀਆਂ ਨੂੰ ਧਿਆਨ ਹਿੱਤ ਰੱਖ ਕੇ ਸਾਰੇ ਮੈਂਬਰਾਂ ਦੇ ਵੱਖੋ ਵੱਖਰੇ ਵਿਚਾਰ ਜਾਣੇ ਗਏ, ਕਲੱਬ ਦੇ ਖਜਾਨਚੀ ਜਗਵਿੰਦਰ ਸਿੰਘ ਵੱਲੋਂ ਸਲਾਨਾ ਖਰਚਿਆਂ ਸੰਬੰਧੀ ਆਪਣੀ ਰਿਪੋਰਟ ਪੇਸ਼ ਕੀਤੀ ਗਈ, ਕਲੱਬ ਵੱਲੋਂ ਪਿੰਡ ਅਤੇ ਸਮਾਜਿਕ ਮੁੱਦਿਆਂ ਸਬੰਧੀ ਨਵੀਂ ਰੂਪ ਰੇਖਾ ਤਿਆਰ ਕੀਤੀ ਗਈ, ਹਰ ਸਾਲ ਦੀ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਲਾਨਾ ਸਮਾਗਮ ਸਬੰਧੀ ਤਿਆਰੀਆਂ ਦਾ ਵੇਰਵਾ ਲਿਆ ਗਿਆ, ਨਗਰ ਪੰਚਾਇਤ ਦੇ ਕੰਮਾਂ ਵਿੱਚ ਸਹਿਯੋਗ ਕਰਨ ਵਾਲੇ ਸਾਂਝੇ ਕੰਮਾਂ



ਸਬੰਧੀ ਇੱਕ ਸੂਚੀ ਤਿਆਰ ਕੀਤੀ ਗਈ, ਨਸ਼ੇ,ਅੰਧ ਵਿਸ਼ਵਾਸ ਅਤੇ ਵਾਤਾਵਰਨ ਦੀ ਰੱਖਿਆ ਸਬੰਧੀ ਕਲੱਬ ਮੈਂਬਰ ਸਾਹਿਬਾਨਾਂ ਵੱਲੋਂ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਗਏ, ਪਿੰਡ ਪੱਧਰ ਤੇ ਨੌਜਵਾਨਾਂ ਨੂੰ ਸਪੋਰਟਸ ਨਾਲ ਕਿਵੇਂ ਜੋੜਿਆ ਜਾਵੇ ਇਸ ਵਿਸ਼ੇ ਉੱਪਰ ਵਿਚਾਰ ਗੋਸ਼ਟੀ ਕੀਤੀ ਗਈ, ਕਲੱਬ ਦੇ ਵੱਲੋਂ ਕੀਤੇ ਜਾਂਦੇ ਸਾਂਝੇ ਕਾਰਜਾਂ ਲਈ ਫੰਡ ਇਕੱਤਰ ਕਰਨ ਲਈ ਵਿਉਂਤਬੰਦੀ ਕੀਤੀ ਗਈ। ਕਲੱਬ ਦੇ ਸਾਰੇ ਮੈਂਬਰਾਂ ਵੱਲੋਂ ਕਲੱਬ ਦੇ ਕੀਤੇ ਗਏ ਸਲਾਨਾ ਸਾਰੇ ਕਾਰਜਾਂ ਤੇ ਸੰਤੁਸ਼ਟੀ ਵਿਅਕਤ ਕਰਨ ਉਪਰੰਤ ਨਗਰ ਪੰਚਾਇਤ ਅਤੇ ਨਗਰ ਨਿਵਾਸੀਆਂ ਨਾਲ ਇੱਕਜੁੱਟ ਹੋ ਕੇ ਸਮਾਜ ਅਤੇ ਪਿੰਡ ਨੂੰ ਉੱਚਾ ਚੁੱਕਣ ਲਈ, ਨਿਵੇਕਲੇ ਪ੍ਰੋਗਰਾਮ ਉਲੀਕ ਕੇ ਅਗਲੇ ਸਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਤੇ ਸਹਿਮਤੀ ਪ੍ਰਗਟ ਕਰਦੇ ਹੋਏ ਕਲੱਬ ਮੈਂਬਰ ਸਾਹਿਬਾਨਾਂ ਵੱਲੋਂ ਰਲ ਮਿਲ ਕੇ ਬਿਹਤਰ ਸਮਾਜ ਸਿਰਜਣਾ ਵੱਲ ਆਪਣੇ ਕਦਮ ਵਧਾਉਣ ਲਈ ਸੌਂ ਚੁੱਕੀ ਗਈ। ਕਲੱਬ ਦੀ ਮੀਟਿੰਗ ਦੌਰਾਨ ਪ੍ਰਧਾਨ ਸੰਦੀਪ ਸਿੰਘ ਬਖੋਪੀਰ ਮੀਤ ਪ੍ਰਧਾਨ ਲਖਪ੍ਰੀਤ ਸਿੰਘ, ਖਜਾਨਚੀ ਜਗਵਿੰਦਰ ਸਿੰਘ, ਪ੍ਰੈਸ ਸਕੱਤਰ ਪੁਸ਼ਪਿੰਦਰ ਸਿੰਘ ਸਕੱਤਰ ਗੁਰਦੀਪ ਸਿੰਘ, ਪ੍ਰਕਾਸ਼ਦੀਪ ਸਿੰਘ, ਹਨੀ ਸਿੰਘ, ਗੁਰਜੰਟ ਸਿੰਘ, ਕੁਲਵਿੰਦਰ ਸਿੰਘ ਪੰਚਾਇਤ ਮੈਂਬਰ ਹਰਜਿੰਦਰ ਸਿੰਘ, ਕੁਲਜੀਤ ਸਿੰਘ, ਸ਼ੇਰ ਸਿੰਘ, ਗਗਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਅੰਮ੍ਰਿਤ ਸਿੰਘ ,ਜਗਤਾਰ ਸਿੰਘ, ਹੈਪੀ ਸਿੰਘ, ਆਦਿ ਮੌਜੂਦ ਸਨ।

# ਸਮਾਰਟ ਸਕੂਲ ਕਾਂਜਲੀ ਵਿਖੇ ਸਾਇੰਸ, ਗਣਿਤ, ਸਮਾਜਿਕ ਵਿਗਿਆਨ ਆਦਿ ਵੱਖ ਵੱਖ ਵਿਸ਼ਿਆਂ ਦੇ ਮੇਲੇ ਆਯੋਜਿਤ

## ਅਜਿਹੇ ਮੇਲੇ ਬੱਚਿਆਂ ਵਿੱਚ ਆਤਮਵਿਸ਼ਵਾਸ ਪੈਦਾ ਕਰਦੇ ਹਨ- ਐਡਵੋਕੇਟ ਕਰਮਬੀਰ ਚੰਦੀ

**ਕਪੂਰਥਲਾ (ਕੌੜਾ)-** ਸਰਕਾਰੀ ਸੀਨੀਅਰ ਸੈਕੈਂਡਰੀ ਸਮਾਰਟ ਸਕੂਲ ਕਾਂਜਲੀ ਵਿਖੇ ਪ੍ਰਿੰਸੀਪਲ ਮਨਜੀਤ ਸਿੰਘ ਹੈਬਤਪੁਰ ਸਟੇਟ ਐਵਾਰਡੀ ਦੀ ਅਗਵਾਈ ਵਿੱਚ ਵੱਖ-ਵੱਖ ਵਿਸ਼ੇ ਸਾਇੰਸ, ਗਣਿਤ, ਸਮਾਜਿਕ ਵਿਗਿਆਨ, ਕਮਰਸ, ਇਕਨੋਮਿਸ, ਰਾਜਨੀਤੀ ਸ਼ਾਸਤਰ ਅਤੇ ਅੰਗਰੇਜ਼ੀ ਵਿਸ਼ੇ ਦੇ ਮੇਲੇ ਕਰਵਾਏ ਗਏ। ਇਸ ਮੇਲੇ ਵਿੱਚ ਬਤੌਰ ਮੁੱਖ ਮਹਿਮਾਨ ਐਡਵੋਕੇਟ ਕਰਮਬੀਰ ਸਿੰਘ ਚੰਦੀ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਕਪੂਰਥਲਾ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਐਡਵੋਕੇਟ ਕਰਮਬੀਰ ਸਿੰਘ ਚੰਦੀ ਨੇ ਉਕਤ ਮੇਲੇ ਲਈ ਬੱਚਿਆਂ ਦੀ ਮਿਹਨਤ ਤੇ ਅਧਿਆਪਕਾਂ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਮੇਲੇ ਬੱਚਿਆਂ ਵਿੱਚ ਆਤਮਵਿਸ਼ਵਾਸ ਪੈਦਾ ਕਰਦੇ ਹਨ। ਉਹਨਾਂ ਨੇ ਇਸ ਲਈ ਪ੍ਰਿੰਸੀਪਲ ਮਨਜੀਤ ਸਿੰਘ ਹੈਬਤਪੁਰ ਸਟੇਟ ਐਵਾਰਡੀ ਨੂੰ ਮੁਬਾਰਕਬਾਦ ਦਿੱਤੀ। ਇਸ ਤੋਂ ਪਹਿਲਾਂ ਪ੍ਰਿੰਸੀਪਲ ਮਨਜੀਤ ਸਿੰਘ ਹੈਬਤਪੁਰ ਤੇ ਸਮੂਹ ਸਟਾਫ਼ ਨੇ ਐਡਵੋਕੇਟ ਕਰਮਬੀਰ ਸਿੰਘ ਚੰਦੀ ਨੂੰ ਫੁੱਲਾਂ ਦਾ ਗੁਲਦ-ਸਤਾ ਦੇ ਕੇ ਜੋਰਦਾਰ ਸਵਾਗਤ ਕੀਤਾ। ਇਸ ਮੇਲੇ ਨੂੰ ਵੇਖਣ ਲਈ ਵੱਖ ਵੱਖ ਸਕੂਲਾਂ ਦੇ ਅਧਿਆਪਕ ਮਾਪੇ ਅਤੇ ਪਿੰਡ ਦੇ ਪਤਵੰਤੇ ਸੱਜਣ ਸ਼ਾਮਿਲ ਹੋਏ। ਬੱਚਿਆਂ ਨੇ ਵੱਖ-ਵੱਖ ਵਿਸ਼ਿਆਂ ਦੇ ਮਾਡਲ ਅਤੇ



ਚਾਰਟ ਪੇਸ਼ ਕੀਤੇ। ਬੱਚਿਆਂ ਦੀ ਪੇਸ਼ਕਾਰੀ ਬਹੁਤ ਕਮਾਲ ਦੀ ਸੀ। ਇਸ ਮੌਕੇ ਤੇ ਸੁਖਬੀਰ ਸਿੰਘ ਰਿਟਾਇਰਡ ਪ੍ਰਿੰਸੀਪਲ, ਜਸਵੀਰ ਸਿੰਘ ਸਰਪੰਚ ਕਾਂਜਲੀ,ਜਤਿੰਦਰ ਕੌਰ ਬੀ ਐਮ ਕਪੂਰਥਲਾ-2 , ਸਿਕੰਦਰ ਸਿੰਘ ਕਬੱਡੀ ਖਿਡਾਰੀ,ਲੈਕਚਰਾਰ ਇੰਦਰਜੀਤ ਸਿੰਘ, ਲੈਕਚਰਾਰ ਰਜੇਸ਼ ਜੋਲੀ, ਲੈਕਚਰਾਰ ਰਜਨੀਤ ਕੌਰ ਲੈਕਚਰਾਰ ਹਰਮੀਤ ਕੌਰ ,ਲੈਕਚਰਰ ਚੰਦਨ, ਲੈਕਚਰਾਰ ਅਰਵਿੰਦਰ ਪਾਲ ਸਿੰਘ , ਪ੍ਰਗਟ ਸਿੰਘ ਕੈਂਪਸ ਮੈਨੇਜਰ ਗੁਰਵਿੰਦਰ ਪਾਲ ਸਿੰਘ ਐਸ ਐਸ ਮਾਸਟਰ, ਅੰਮ੍ਰਿਤਪਾਲ ਕੌਰ ਮੈਥ ਮਿਸਟਰਸ, ਰਜਨੀ ਮੈਥ ਮਿਸਟਰਸ, ਸੰਦੀਪ ਕੌਰ ਮੈਥ ਮਿਸਟਰਸ, ਅਮਨਦੀਪ ਕੌਰ ਪੰਜਾਬੀ ਮਿਸਟਰਸ, ਗੁਰਵਿੰਦਰ ਕੌਰ ਪੰਜਾਬੀ ਮਿਸਟਰਸ, ਤਜਿੰਦਰ ਕੌਰ ਸਾਇੰਸ ਮਿਸਟਰਸ, ਡਿੰਪਲ ਸਾਇੰਸ ਮਿਸਟਰਸ, ਕੀਰਤੀ ਥਾਪਰ ਹਿੰਦੀ ਮਿਸਟਰਸ, ਸਿਲਕਪ੍ਰੀਤ ਕੌਰ ਕੰਪਿਊਟਰ ਫੈਕਲਟੀ, ਅਮਨਦੀਪ ਕੌਰ ਕੰਪਿਊਟਰ ਫੈਕਲਟੀ, ਪ੍ਰਭਜੋਤ ਸਿੰਘ ਕਲਰਕ, ਸਚਿਨ ਸ਼ਰਮਾ ਅਸਿਸਟੈਂਟ, ਪਾਲ ਸਿੰਘ ਐਸ ਐਲ ਏ, ਸੁਰਜੀਤ ਕੁਮਾਰ ਐਸ ਐਲ ਏ, ਮੰਗਲ ਸਿੰਘ, ਸੁਨੇਹਾ, ਰਾਣੀ ਅਤੇ ਬਲਜਿੰਦਰ ਕੌਰ,, ਅਮਰਜੀਤ ਕੌਰ ਪੰਜਾਬੀ ਲੈਕਚਰਾਰ, ਉਰਮਲਾ ਦੇਵੀ ਲਾਈਬ੍ਰੇਰੀਅਨ ਆਦਿ ਹਾਜ਼ਰ ਸਨ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪਿੰਡ ਹੁੰਬੜਾਂ ਅਤੇ ਹੰਸਾਲਾ ਲਈ ਅਹਿਮ ਜਲ ਸਪਲਾਈ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ

**ਦੱਸ ਸਾਲਾਂ ਦੀ ਮੰਗ ਨੂੰ ਪੂਰਾ ਕਰਨ ਲਈ ਪਿੰਡ ਵਾਸੀਆਂ ਨੇ ਕੀਤਾ ਵਿਧਾਇਕ ਰੰਧਾਵਾ ਦਾ ਧੰਨਵਾਦ**





**ਲਾਲੜੂ, ਡੇਰਾਬੱਸੀ (ਐਸ.ਏ.ਐਸ. ਨਗਰ),** ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ, ਵਿਧਾਇਕ ਡੇਰਾਬੱਸੀ, ਕੁਲਜੀਤ ਸਿੰਘ ਰੰਧਾਵਾ ਨੇ ਅੱਜ ਨਾਬਾਰਡ-30 ਸਕੀਮ ਅਧੀਨ ਪਿੰਡ ਹੁੰਬੜਾਂ ਅਤੇ ਹੰਸਾਲਾ ਲਈ ਅਹਿਮ ਜਲ ਸਪਲਾਈ ਪ੍ਰੋਜੈਕਟ ਦਾ ਨੀਂਹ ਪੱਥਰ ਹੁੰਬੜਾਂ ਵਿਖੇ ਰੱਖਿਆ, ਜਿਸਦੀ ਕੁੱਲ ਲਾਗਤ 49.29 ਲੱਖ ਰੁਪਏ ਹੈ। ਇਸ ਪ੍ਰੋਜੈਕਟ ਵਿੱਚ 235 ਮੀਟਰ ਡੂੰਘਾ 200 ਮਿਲੀਮੀਟਰ ਬੋਰ ਟਿਊਬਵੈੱਲ ਲਗਾਉਣਾ, ਇੱਕ ਪੰਪ ਚੈਂਬਰ ਦਾ ਨਿਰਮਾਣ, 25,000 ਲੀਟਰ ਸਮਰੱਥਾ ਵਾਲੀ ਪਾਣੀ ਦੀ ਟੈਂਕੀ ਦੀ ਸਥਾਪਨਾ, ਲਗਭਗ 700 ਮੀਟਰ ਪੀ ਵੀ ਸੀ ਪਾਈਪਲਾਈਨ ਵਿਛਾਉਣਾ ਅਤੇ 124 ਘਰੇਲੂ ਪਾਣੀ ਦੇ ਕੁਨੈਕਸ਼ਨ ਪ੍ਰਦਾਨ ਕਰਨਾ ਸ਼ਾਮਲ ਹੈ। ਇਸ ਮੌਕੇ ਬੋਲਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਪ੍ਰੋਜੈਕਟ ਪੇਂਡੂ ਖੇਤਰਾਂ ਵਿੱਚ ਹਰ ਘਰ ਨੂੰ ਸਾਫ਼ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੇ ਸਮਰਪਿਤ ਯਤਨਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਿਰੰਤਰ ਸ਼ੁੱਧ ਪਾਣੀ ਸਪਲਾਈ ਅਤੇ ਬਿਹਤਰ ਸੈਨੀਟੇਸ਼ਨ ਸਹੂਲਤਾਂ ਨੂੰ ਯਕੀਨੀ ਬਣਾਉਣਾ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਯੋਜਨਾਬੱਧ ਅਤੇ ਸਮਾਂਬੱਧ ਢੰਗ ਨਾਲ ਕੀਤਾ ਜਾ ਰਿਹਾ ਹੈ ਤਾਂ ਜੋ ਵਸਨੀਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਇਸ ਮੌਕੇ ਸਮੂਹ ਪਿੰਡ ਵਾਸੀਆਂ ਨੇ

ਦੱਸ ਸਾਲਾਂ ਦੀ ਮੰਗ ਨੂੰ ਪੂਰਾ ਕਰਨ ਲਈ ਵਿਧਾਇਕ ਰੰਧਾਵਾ ਦਾ ਧੰਨਵਾਦ ਕੀਤਾ। ਨੀਂਹ ਪੱਥਰ ਸਮਾਰੋਹ ਦੌਰਾਨ ਪ੍ਰਮੁੱਖ ਸਥਾਨਕ ਪ੍ਰਤੀਨਿਧੀ,ਬਲਾਕ ਪ੍ਰਧਾਨ, ਸ਼੍ਰੀਮਤੀ ਜਸਪਾਲ ਕੌਰ ਸਰਪੰਚ ਹੁੰਬੜਾ ,ਸ੍ਰੀਮਤੀ ਸਵਰਨੋ ਕੌਰ ਸਰਪੰਚ ਹੰਸਾਲਾ ਅਤੇ ਸਮੂਹ ਪੰਚਾਇਤ ਮੈਂਬਰ,ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਝੋਨੇ ਦਾ ਝਾੜ ਘੱਟਣ ਨਾਲ ਕਿਸਾਨਾਂ ਨੂੰ ਲੱਗਾ ਭਾਰੀ ਰਗੜਾ

**ਸਰਕਾਰ ਕੁੱਝ ਬਾਂਹ ਫੜੇ : ਕੁੱਲ ਹਿੰਦ ਕਿਸਾਨ ਸਭਾ**





**ਮਹਿਤਪੁਰ ( ਹਰਜਿੰਦਰ ਸਿੰਘ ਚੰਦੀ )** -ਜਿੱਥੇ ਪੰਜਾਬ ਦੇ ਦਰਿਆਵਾਂ ਨੇੜਲੇ ਲੋਕਾਂ ਫ਼ਸਲਾਂ ਤੇ ਘਰ ਤਬਾਹ ਹੋਣ ਨਾਲ ਬਹੁਤ ਵੱਡੀ ਮਾਰ ਪਈ ਹੈ ਉੱਥੇ ਬਚੇ ਇਲਾਕਿਆਂ ਵਿੱਚ ਝੋਨੇ ਦਾ ਝਾੜ ਵੀ ਬਹੁਤ ਘੱਟ ਨਿਕਲਿਆ ਹੈ। ਲੱਗ ਭੱਗ ਪੰਜ ਸੱਤ ਕੁਇੰਟਲ ਪ੍ਰਤੀ ਏਕੜ। ਅਜਿਹੇ ਹਾਲਤਾਂ ਵਿੱਚ ਸਰਕਾਰ ਨੂੰ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਸੰਦੀਪ ਅਰੋੜਾ,ਜਿਲਾ ਸਕੱਤਰ ਦਿਲਬਾਗ ਸਿੰਘ ਚੰਦੀ ਨੇ ਕਿਹਾ ਕਿ ਅਜਿਹੇ ਮਾੜੇ ਹਲਾਤ ਵਿੱਚ ਆਮ ਕਿਸਾਨ ਹੋਰ ਕਰਜ਼ੇ ਦੇ ਬੋਝ ਥੱਲੇ ਆ ਜਾਂਦਾ ਹੈ। ਇਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਘਾਟੇ ਦੀ ਪੂਰਤੀ ਲਈ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਬਿਨਾਂ ਵਿਆਜ ਲੋੜੀਂਦਾ ਕਰਜ਼ਾ ਦਿੱਤਾ ਜਾਵੇ।ਉਹਨਾਂ ਇਹ ਵੀ ਯਾਦ ਕਰਾਇਆ ਕਿ ਦੂਜੇ ਪਾਸੇ ਬਹੁਤ ਥਾਵਾਂ ਤੇ ਵੱਧ ਸਿੱਲ ਦੇ ਬਹਾਨੇ ਤੇ ਵੀ ਕਿਸਾਨਾਂ ਨੂੰ ਕਾਫੀ ਰਗੜਾ ਮੰਡੀਆਂ ਵਿੱਚ ਲੱਗਾ ਹੈ। ਉਹਨਾਂ ਇਹ ਵੀ ਮੰਗ ਕੀਤੀ ਕਿ ਸਰਕਾਰ ਸਯੁੰਕਤ ਕਿਸਾਨ ਮੋਰਚੇ ਦੀ ਸਲਾਹ ਨਾਲ ਯੋਗ ਖੇਤੀ ਨੀਤੀ ਬਣਾਵੇ ਤਾਂ ਕਿ ਅਜਿਹੇ ਮਾੜੇ ਹਲਾਤ ਵਿੱਚ ਘਾਟੇ ਦੀ ਪੂਰਤੀ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਦੀਪ ਸਿੱਧੂ ਬਲਵੀਰ ਸਿੰਘ, ਸੁਖਚੈਨ ਸਿੰਘ, ਬਲਵਿੰਦਰ ਸਿੰਘ, ਸਤਨਾਮ ਸਿੰਘ ਵੀ ਹਾਜ਼ਰ ਸਨ।

# ਨਰਸਿੰਗ ਕਾਲਜ ਢਾਹਾਂ ਕਲੇਰਾਂ ਵਿਖੇ ਦਾਖਲ ਨਵੇਂ ਵਿਦਿਆਰਥੀਆਂ ਲਈ ਜਾਣ ਪਛਾਣ ਸਮਾਗਮ ਦਾ ਆਯੋਜਨ

**ਬੰਗਾ, (ਚਰਨਜੀਤ ਸੱਲ੍ਹਾਂ)** ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਕੋਰਸ ਵਿੱਚ ਦਾਖਲ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਉਹਨਾਂ ਲਈ ਜਾਣ ਪਛਾਣ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਰੰਭ ਗੁਰਬਾਣੀ ਸ਼ਬਦ ਨਾਲ ਹੋਇਆ। ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ਼ਮਾ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਡਾ. ਢਾਹਾਂ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਹੋਏ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕਰਦੇ ਹੋਏ ਸੰਸਥਾ ਦੇ ਸ਼ਾਨਾਮੱਤੀ ਇਤਹਾਸ ਤੋਂ ਜਾਣੂੰ ਕਰਵਾਇਆ। ਉਹਨਾਂ ਦੱਸਿਆ ਕਿ ਸਾਲ 1993 ’ਚ ਢਾਹਾਂ ਕਲੇਰਾਂ ਵਿਖੇ ਨਰਸਿੰਗ ਸਕੂਲ ਤੇ 1998 ਵਿੱਚ ਨਰਸਿੰਗ ਕਾਲਜ ਆਰੰਭ ਕੇ ਪੰਜਾਬ ਵਿੱਚ ਨਰਸਿੰਗ ਸਿੱਖਿਆ ਬਾਰੇ ਆਮ ਲੋਕਾਈ ਨੂੰ ਜਾਣੂ ਕਰਵਾਇਆ । ਇਸ ਨਰਸਿੰਗ ਕਾਲਜ ਤੋਂ 2500 ਤੋਂ ਵੱਧ ਵਿਦਿਆਰਥੀ ਡਿਗਰੀਆਂ ਪ੍ਰਾਪਤ ਕਰਕੇ ਸੰਸਾਰ ਭਰ ਵਿਚ ਨਰਸਿੰਗ ਸਿਹਤ ਸੇਵਾਵਾਂ ਅਤੇ ਉੱਚ ਲੀਡਰਸ਼ਿੱਪ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਡਾ. ਢਾਹਾਂ ਨੇ ਇਕੱਤਰ ਵਿਦਿਆਰਥੀਆਂ ਨੂੰ ਇਮਾਨਦਾਰੀ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਕਾਲਜ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਆ । ਮੈਡਮ



**ਨਰਸਿੰਗ ਕਾਲਜ ਢਾਹਾਂ ਕਲੇਰਾਂ ਵਿਖੇ ਦਾਖਲ ਨਵੇਂ ਵਿਦਿਆਰਥੀਆਂ ਲਈ ਹੋਏ ਜਾਣ ਪਛਾਣ ਸਮਾਗਮ ਦੀਆਂ ਤਸਵੀਰਾਂ।**

ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਦੱਸਿਆ ਕਿ ਕਾਲਜ ਵਿਚ ਆਧੁਨਿਕ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ । ਇਸ ਮੌਕੇ ਸੰਸਥਾ ਬਾਰੇ ਜਾਣਕਾਰੀ ਦਿੰਦੀ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ । ਨਰਸਿੰਗ ਵਿਦਆਰਥੀਆਂ ਮਨਪ੍ਰੀਤ ਕੌਰ ਢਿੱਲੋਂ ਅਤੇ ਹਿਨਾ ਵੱਲੋਂ ਸਲਾਈਡ ਸ਼ੋਅ ਰਾਹੀ ਕਾਲਜ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ । ਜੀ ਐਨ ਐਮ ਤੀਜਾ ਸਾਲ ਦੇ ਵਿਦਿਆਰਥੀਆਂ ਦਮਨਪ੍ਰੀਤ ਕੌਰ ਅਤੇ ਜਸਪ੍ਰੀਤ ਨੇ ਨਿੱਜੀ ਤਜਰਬੇ ਸਾਂਝੇ ਕਰਦੇ ਹੋਏ ਕਿਹਾ ਕਿ ਢਾਹਾਂ ਕਲੇਰਾਂ ਨਰਸਿੰਗ ਕਾਲਜ ਵਿਚ ਪੜ੍ਹਾਈ ਕਰਕੇ ਉਹਨਾਂ ਨੂੰ ਜੀਵਨ ਵਿਚ ਕਾਮਯਾਬ ਹੋਣ ਲਈ ਨਵੀਂ ਦਿਸ਼ਾ ਮਿਲੀ ਹੈ । ਇਸ ਮੌਕੇ ਸਮੂਹ ਕਾਲਜ ਸਟਾਫ ਅਤੇ ਨਵੇਂ ਨਵੇਂ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਵਿਦਿਆਰਥੀਆਂ ਵੱਲੋਂ ਆਪਣੀ ਜਾਣਪਛਾਣ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਜੀ ਐਨ ਐਮ (ਪਹਿਲਾ ਸਾਲ) ਦੀ ਵਿਦਿਆਰਥੀ ਨਵਜੋਤ ਕੌਰ ਨੇ ਸਮੂਹ ਵਿਦਿਆਰਥੀਆਂ ਲਈ ਰੱਖੇ ਸਮਾਗਮ ਲਈ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮੈਡਮ ਗੁਰਦੀਪ ਕੌਰ ਵੱਲੋਂ ਬਾਖੂਬੀ ਨਿਭਾਈ ਗਈ । ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਮਨਿੰਦਰ ਕੌਰ, ਮੈਡਮ ਵੰਦਨਾ ਬਸਰਾ, ਮੈਡਮ ਰਾਬੀਆ ਹਾਟਾ, ਮੈਡਮ ਸਰਬਜੀਤ ਕੌਰ, ਮੈਡਮ ਨੇਹਾ ਰਾਣੀ, ਮੈਡਮ ਸ਼ਿਵਾਨੀ ਭਰਦਵਾਜ, ਸ੍ਰੀ ਗੁਰਮੀਤ ਸਿੰਘ, ਮੈਡਮ ਰਣਜੀਤ ਕੌਰ ਲਾਇਬ੍ਰੇਰੀਅਨ ਵੀ ਵਿਸ਼ੇਸ਼ ਤੌਰ ਹਾਜ਼ਰ ਸਨ ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸੋਈ) ਲੰਬੀ ਵਿਖੇ ਸਾਇੰਸ ਅਤੇ ਗਣਿਤ ਵਿਸ਼ੇ ਦਾ ਮੇਲਾ ਲਗਾਇਆ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)-** 24 ਅਕਤੂਬਰ 2025- ਅੱਜ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਅਤੇ ਅਕਾਦਮਿਕ ਸਪੋਰਟ ਗਰੁੱਪ ਦੇ ਡੀਆਰਸੀ ਗੁਰਮੇਲ ਸਿੰਘ ਸਾਗੂ ਜੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਈ ਲੰਬੀ ਵਿਖੇ ਸਕੂਲ ਦੇ ਪ੍ਰਿੰਸੀਪਲ ਰਾਜੀਵ ਕੁਮਾਰ ਛਾਬੜਾ ਜੀ ਦੀ ਅਗਵਾਈ ਵਿੱਚ ਸਾਇੰਸ ਅਤੇ ਗਣਿਤ ਵਿਸ਼ੇ ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮੇਂ ਸਕੂਲ ਦੇ ਸਾਇੰਸ ਅਤੇ ਗਣਿਤ ਅਧਿਆਪਕ ਅਮਿਤ ਕੁਮਾਰ, ਪਰਮਿੰਦਰ ਸਿੰਘ, ਪੂਨਮ ਰਾਣੀ, ਸੰਜੂ ਬਾਲਾ, ਸ਼ਰਦਜੀਤ ਸਿੰਘ, ਸੰਜੀਵ ਕੁਮਾਰ, ਅਮਨਦੀਪ ਕੌਰ, ਕਿਰਨਪਾਲ



ਕੌਰ ਕਾਮਰਸ ਅਧਿਆਪਕ ਰੌਸ਼ਨੀ ਦੇਵੀ, ਰਛਪਾਲ ਸਿੰਘ, ਪੌਲ ਸਾਇੰਸ ਅਧਿਆਪਕ ਬੂਟਾ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਕਾਰ ਦੇ ਮਾਡਲ ਅਤੇ ਗਤੀਵਿਧੀਆਂ ਪੇਸ਼ ਕਰਨ ਲਈ ਉਤਸਾਹਿਤ ਕੀਤਾ। ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਤਰੀਕੇ ਨਾਲ ਸਾਇੰਸ ਅਤੇ ਗਣਿਤ ਦੀਆਂ ਗਤੀਵਿਧੀਆਂ ਨੂੰ ਮਾਡਲਾਂ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਸਮੇਂ ਬੀਆਰਸੀ ਸ੍ਰੀ ਰਜਿੰਦਰ ਮੋਹਨ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਹੋਣਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਰਾਹਨਾ ਕੀਤੀ। ਉਹਨਾਂ ਨੇ ਵਿਭਾਗ ਦੁਆਰਾ ਕਰਵਾਈਆਂ ਜਾਂਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਗਿਆਨ ਚਿਰ ਸਥਾਈ ਹੋ ਜਾਂਦਾ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਸਿੱਖਿਆ ਬਲਾਕ ਮਸੀਤਾਂ ਦੀਆਂ 47 ਦੀਆਂ ਮਿੰਨੀ ਪ੍ਰਾਇਮਰੀ ਬਲਾਕ ਪੱਧਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਸ਼ੁਰੂ

## ਉਦਘਾਟਨੀ ਮੈਚ ਕਬੱਡੀ ਵਿੱਚ ਸੈਂਟਰ ਡਡਵਿੰਡੀ ਨੇ ਸੈਂਟਰ ਟਿੱਬਾ ਨੂੰ ਹਰਾਇਆ

**ਕਪੂਰਥਲਾ( ਕੌੜਾ )-** ਸੰਤ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਦੀ ਅਗਵਾਈ ਤੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ) ਕਪੂਰਥਲਾ ਮਮਤਾ ਬਜਾਜ, ਡਾ. ਬਲਵਿੰਦਰ ਸਿੰਘ ਬੱਟੂ ਉਪ-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਮਲਜੀਤ ਬਲਾਕ ਸਿੱਖਿਆ ਅਧਿਕਾਰੀ ਮਸੀਤਾਂ ਤੇ ਰਾਮ ਸਿੰਘ ਸੈਂਟਰ ਹੈੱਡ ਟੀਚਰ ਠੱਟਾ
ਦੀ ਦੇਖ ਰੇਖ ਹੇਠ 47 ਦੀਆਂ ਮਿੰਨੀ ਪ੍ਰਾਇਮਰੀ ਬਲਾਕ ਪੱਧਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਠੱਟਾ ਨਵਾਂ ਵਿਖੇ ਸ਼ਾਨੋ ਸ਼ੌਕਤ ਨਾਲ ਸ਼ੁਰੂ ਹੋ ਗਈਆਂ। ਇਸ ਦੌਰਾਨ ਮੁੱਖ ਮਹਿਮਾਨ ਦੇ ਤੌਰ ਤੇ ਮਾਸਟਰ ਮਹਿੰਗਾ ਸਿੰਘ ਨੇ ਸ਼ਿਰਕਤ ਕੀਤੀ ਤੇ ਰਿਬਨ ਕੱਟ ਟੂਰਨਾਮੈਂਟ ਦਾ ਉਦਘਾਟਨ ਕੀਤਾ। ਇਸ ਦੌਰਾਨ ਉਦਘਾਟਨੀ ਮੈਚ ਜੋ ਕਿ ਸੈਂਟਰ ਡਡਵਿੰਡੀ ਤੇ ਸੈਂਟਰ ਟਿੱਬਾ ਦੇ ਵਿੱਚ ਹੋਇਆ। ਜਿਸ ਵਿਚ ਸੈਂਟਰ ਡਡਵਿੰਡੀ ਦੀ ਟੀਮ ਨੇ ਸੈਂਟਰ ਟਿੱਬਾ ਨੂੰ ਕਰਾਰੀ ਸ਼ਿਕਸਤ ਦਿੱਤੀ।
ਇਸ ਤੋਂ ਪਹਿਲਾਂ ਵਿਸ਼ੇਸ਼ ਤੌਰ ਤੇ ਪਹੁੰਚੇ ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਤੇ ਰਿਟਾਇਰ ਮਾਸਟਰ ਜੋਗਿੰਦਰ ਸਿੰਘ,ਸਰਪੰਚ ਸੁਖਵਿੰਦਰ ਸਿੰਘ



ਸਿੱਖਿਆ ਬਲਾਕ ਮਸੀਤਾਂ ਦੀਆਂ 47 ਵੀਆਂ ਮਿੰਨੀ ਪ੍ਰਾਇਮਰੀ ਬਲਾਕ ਪੱਧਰੀ ਸਕੂਲ ਖੇਡਾਂ ਦਾ ਉਦਘਾਟਨ ਕਰਦੇ ਹੋਏ ਮਾਸਟਰ ਮਹਿੰਗਾ ਸਿੰਘ , ਖੇਡ ਕੋਆਰਡੀਨੇਟਰ ਰਾਮ ਸਿੰਘ,ਤੇ ਹੋਰ।

ਸੌਂਦ ਨੇ ਟੀਮਾਂ ਨੂੰ ਅਸ਼ੀਰਵਾਦ ਦਿੱਤਾ। ਇਸ ਦੌਰਾਨ ਕਬੱਡੀ ਲੜਕੀਆਂ, ਤੇ ਅਥਲੈਟਿਕਸ ਦੇ ਵੀ ਬੜੇ ਰੋਚਕ ਮੁਕਾਬਲੇ ਕਰਵਾਏ ਗਏ।ਇਸ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਜਰਨੈਲ ਸਿੰਘ ਰਿਟਾਇਰਡ ਹੈੱਡਮਾਸਟਰ, ਬਲਬੀਰ ਸਿੰਘ, ਦਿਲਬਾਗ ਸਿੰਘ ਚੇਲਾ, ਦੀਦਾਰ ਸਿੰਘ, ਸੁਖਵਿੰਦਰ ਸਿੰਘ,ਮੇਜਰ ਸਿੰਘ ਬੀ ਐੱਸ ਓ,ਅੰਜੂ ਬਾਲਾ, ਹਰਜੀਤ ਕੌਰ, ਕਮਲਜੀਤ ਕੌਰ,ਜਗਤਾਰ ਸਿੰਘ, ਹਰਵੇਲ ਸਿੰਘ, ਗੁਰਪ੍ਰੀਤ ਸਿੰਘ ਬੂਲਪੁਰ, ਮੀਨਾਕਸ਼ੀ ਸ਼ਰਮਾ, ਕੁਲਦੀਪ ਸਿੰਘ,ਰਾਜ ਕੁਮਾਰ,ਬਲਵਿੰਦਰ ਸਿੰਘ, ਬਲਜੀਤ ਕੌਰ ਹਰਵਿੰਦਰ ਕੌਰ (ਸਾਰੇ ਸੀ ਐੱਚ ਟੀ), ਦਲਜੀਤ ਸਿੰਘ ਜੰਮੂ, ਹਰਜਿੰਦਰ ਸਿੰਘ ਢੋਟ, ਰਜਿੰਦਰ ਸਿੰਘ, ਭੁਪਿੰਦਰ ਸਿੰਘ, ਮਨੋਜ ਕੁਮਾਰ , ਗੁਰਵਿੰਦਰ ਕੌਰ, ਮਨਜਿੰਦਰ ਸਿੰਘ,ਸਰਬਜੀਤ ਸਿੰਘ, ਰਾਜੂ ਜੈਨਪੁਰ, ਜਸਵਿੰਦਰ ਸਿੰਘ ਸ਼ਿਕਾਰਪੁਰ, ਸੁਖਵਿੰਦਰ ਸਿੰਘ ਕਾਲੇਵਾਲ,ਕੁਲਦੀਪ ਠਾਕੁਰ,ਅਜੈ ਗੁਪਤਾ, ਸੁਖਚੈਨ ਸਿੰਘ ਬੱਧਣ, ਭੁਪਿੰਦਰ ਸਿੰਘ, ਜਸਪਾਲ ਸਿੰਘ, ਬਰਿੰਦਰ ਮਾਨ, ਸੁਖਨਿੰਦਰ ਸਿੰਘ, ਵਰਿੰਦਰ ਸਿੰਘ, ਸਰਬਜੀਤ ਕੌਰ, ਕੰਵਲਪ੍ਰੀਤ ਸਿੰਘ ਕੌੜਾ, ਜਗਮੋਹਨ ਸਿੰਘ, ਰਾਜਵਿੰਦਰ ਕੌਰ, ਸੁਮਨਪ੍ਰੀਤ ਕੌਰ , ਸੁਖਦੀਪ ਸਿੰਘ, ਆਦਿ ਨੇ ਅਹਿਮ ਭੂਮਿਕਾ ਨਿਭਾਈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨ ਵਿਖੇ ਸਾਇੰਸ ਅਤੇ ਗਣਿਤ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸ਼ੇ ਦਾ ਮੇਲਾ ਲਗਾਇਆ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)-** 24 ਅਕਤੂਬਰ 2025- ਅੱਜ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਅਤੇ ਅਕਾਦਮਿਕ ਸਪੋਰਟ ਗਰੁੱਪ ਦੇ ਡੀਆਰਸੀ ਗੁਰਮੇਲ ਸਿੰਘ ਸਾਗੂ ਜੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨ ਵਿਖੇ ਸਕੂਲ ਦੇ ਪ੍ਰਿੰਸੀਪਲ ਸ਼ੁਭਰਾ ਗੁਪਤਾ ਜੀ ਦੀ ਅਗਵਾਈ ਵਿੱਚ ਸਾਇੰਸ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।
ਇਸ ਸਮੇਂ ਸਕੂਲ ਦੇ ਲੈਕਚਰਾਰ ਹਿਸਟਰੀ ਸ੍ਰੀ ਸੁਰਜੀਤ ਸਿੰਘ, ਮੈਥ ਮਿਸਟ੍ਰੈਸ ਮੈਡਮ ਕੁਦਰਤ, ਮੈਡਮ ਹਰਪ੍ਰੀਤ ਕੌਰ ਸਾਇੰਸ ਮਿਸਟ੍ਰੈਸ , ਕੁਲਦੀਪ ਸਿੰਘ



ਸਸ ਮਾਸਟਰ ਅਤੇ ਸ਼ਮੀਨਾ ਰਾਣੀ ਹਿੰਦੀ ਮਿਸਟ੍ਰੈਸ, ਕਮੇਟੀ ਮੈਂਬਰ ਸ. ਜਸਵਿੰਦਰ ਸਿੰਘ, ਸੁਰਿੰਦਰ ਸਿੰਘ, ਕੁਲਵੀਰ ਸਿੰਘ ਅਤੇ ਸੰਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਕਾਰ ਦੇ ਮਾਡਲ ਅਤੇ ਗਤੀਵਿਧੀਆਂ ਪੇਸ਼ ਕਰਨ ਲਈ ਉਤਸਾਹਿਤ ਕੀਤਾ। ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਤਰੀਕੇ ਨਾਲ ਮੇਲੇ ਦੀਆਂ ਗਤੀਵਿਧੀਆਂ ਨੂੰ ਮਾਡਲਾਂ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਸਮੇਂ ਬੀਆਰਸੀ ਸ੍ਰੀ ਰਜਿੰਦਰ ਮੋਹਨ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਹੋਣਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਰਾਹਨਾ ਕੀਤੀ। ਉਹਨਾਂ ਨੇ ਵਿਭਾਗ ਦੁਆਰਾ ਕਰਵਾਈਆਂ ਜਾਂਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਗਿਆਨ ਚਿਰ ਸਥਾਈ ਹੋ ਜਾਂਦਾ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਸਾਬਕਾ ਸੰਸਦ ਮੈਂਬਰ ਚੰਦੂਮਾਜਰਾ ਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਦਾ ਵਿਸ਼ੇਸ਼ ਸਨਮਾਨ

**ਬਲਾਚੌਰ( ਜਤਿੰਦਰਪਾਲ ਸਿੰਘ ਕਲੇਰ)** - ਸਿਆਸੀ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਸਾਬਕਾ ਸੰਸਦ ਮੈਂਬਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਅਮਰੀਕਾ ਵਰਗੇ ਦੇਸ਼ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਸੰਤ ਬਾਬਾ ਦਲਜੀਤ ਸਿੰਘ ਸ਼ਿਕਾਗੋ (ਖਾਲਸਾ ਫਾਰਮ ਬਲਾਚੌਰ ਵਾਲਿਆਂ) ਦਾ ਹੋਟਲ ਸ਼ਿਵਾਲਿਕ ਬਲਾਚੌਰ ਵਿੱਖੇ ਸੇਠੀ ਸਰਪੰਚ ਥੋਪੀਆ ਜਿਹੜੇ ਅੱਜ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲਦੀ ਵਰਕਿੰਗ ਕਮੇਟੀ ਮੈਂਬਰ ਵੀ ਹਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਸੂਬਾਈ ਡੇਲੀਗੇਟ ਸੁਰਜੀਤ ਸਿੰਘ ਦੋਭਾਲੀ, ਚੌਧਰੀ ਰੇਸ਼ਮ ਕੁਮਾਰ, ਐਡਵੋਕੇਟ ਅੰਮ੍ਰਿਪਾਲ ਸਿੰਘ ਖਾਲਸਾ ਤੇ ਹੋਰ ਹਾਜਿਰ ਸਨ ।ਇਸ ਮੌਕੇ ਸੇਠੀ ਸਰਪੰਚ ਥੋਪੀਆ ਨੇ ਦੋਨਾਂ ਸ਼ਖਸ਼ੀਅਤਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਸੰਬਧੀ ਜਾਣਕਾਰੀ ਦਿੰਦਿਆਂ ਸ਼ਲਾਘਾ ਕੀਤੀ । ਸਨਮਾਨ ਸਮਾਰੋਹ ਤੋਂ ਬਾਅਦ ਸਮਾਰੋਹ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੰਦੂਮਾਜਰਾ ਨੇ ਤਰਨਤਾਰਨ ਜਿਮਨੀ ਚੋਣ



**ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸਿੱਖ ਪ੍ਰਚਾਰਕ ਤੇ ਸਮਾਜ ਸੇਵੀ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਦਾ ਸਨਮਾਨ ਕਰਨ ਮੌਕੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸੇਠੀ ਸਰਪੰਚ ਥੋਪੀਆ ਨਾਲ ਜੱਥੇਦਾਰ ਸੁਰਜੀਤ ਸਿੰਘ ਦੁਭਾਲੀ।**

ਦੀ ਗੱਲ ਕਰਦਿਆ ਕਿਹਾ ਕਿ ਜਿਹੜਾ ਵੀ ਵਿਆਕਤੀ ਆਗੂ ਪੰਥ, ਪੰਜਾਬ ਦੇ ਮੁੱਦਿਆ ਦੀ ਗੱਲ ਕਰਦਾ ਹੈ, ਅਤੇ ਮਨੁੱਖੀ ਕਰਦਾ ਕੀਮਤਾਂ ਲਈ ਬਿਨਾਂ ਨਿੱਜੀ ਗਰਜ ਲੜਾਈ ਲੜਦਾ ਹੈ,ਪੰਜਾਬ ਦੇ ਸੂਝਵਾਨ ਲੋਕ ਉਨ੍ਹਾਂ ਦਾ ਸਾਥ ਦਿੰਦੇ ਹਨ ਅਤੇ ਦਿੰਦੇ ਰਹਿਣਗੇ ।ਉਨ੍ਹਾਂ ਕਿਹਾ ਕਿ ਭਾਈ ਸੰਦੀਪ ਸਿੰਘ ਸੰਨੀ ਦੇ ਭਰਾ ਭਾਈ ਮਨਦੀਪ ਸਿੰਘ ਜਿਹੜੇ ਤਰਨਤਾਰਨ ਉੱਪ ਚੋਣ ਲਈ ਉਮੀਦਵਾਰ ਹਨ,ਸਾਰੇ ਪੰਥਕ ਦਰਦੀਆਂ ਵੱਲੋਂ ਸਾਥ ਦਿੱਤਾ ਜਾ ਰਿਹਾ ਹੈ, ਅਤੇ ਬੜੀ ਲਹਿਰ ਭਾਈ ਮਨਦੀਪ ਸਿੰਘ ਦੇ ਹੱਕ ਵਿੱਚ ਚੱਲ ਰਹੀ ਹੈ ।ਜੱਦੋਂ ਧਰਮੀ ਫੌਜੀ ਪਰਿਵਾਰ ਨਾਲ ਸੰਬਧਤ ਉਮੀਦਵਾਰ ਪ੍ਰਿੰਸੀਪਲ ਰੰਧਾਵਾ ਜਿਹੜੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਹਨ ਸੰਬਧੀ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਧਰਮੀ ਫੌਜੀਆਂ ਦੀ ਕੁਰਬਾਨੀ ਬਹੁਤ ਵੱਡੀ ਹੈ ਅਤੇ ਅਸੀਂ ਉਸਦਾ ਸਤਿਕਾਰ ਕਰਦੇ ਹਨ, ਉਨ੍ਹਾਂ ਬੀਬੀ ਰੰਧਾਵਾ ਨੂੰ ਅਪੀਲ ਕੀਤੀ ਕਿ ਉਹ ਭਾਈ ਮਨਦੀਪ ਸਿੰਘ ਦਾ ਸਾਥ ਦੇਣ ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੇ ਤੰਜ ਕਸਦਿਆ ਕਿਹਾ ਕਿ ਮਾਨ ਸਰਕਾਰ ਹਰ ਫਰੰਟ ਤੇ ਬੁਰੀ ਤਾਂ ਫੇਲ ਹੋਈ ਹੈ ।

# ਪ੍ਰਭ ਆਸਰਾ, ਕੁਰਾਲ਼ੀ ਵਿਖੇ ਲੰਮੇ ਸਮੇਂ ਤੋਂ ਦਾਖਲ ਬਜ਼ੁਰਗ ਬੀਬੀ ਮੁਖਰਾਜ ਕੌਰ ਦੀ ਹਾਲਤ ਗੰਭੀਰ

**ਕੁਰਾਲ਼ੀ, 24 ਨਵੰਬਰ (ਰੋਮੀ ਘੜਾਮਾਂ):** ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਸ ਲੋਕਾਂ ਦੀ ਸੇਵਾ-ਸੰਭਾਲ਼ ਕਰ ਰਹੀ ਸੰਸਥਾ, ਪ੍ਰਭ ਆਸਰਾ ਵਿਖੇ ਲੱਗਭਗ 05 ਸਾਲ ਤੋਂ ਰਹਿ ਰਹੀ ਬਜ਼ੁਰਗ ਬੀਬੀ ਮੁਖਰਾਜ ਕੌਰ (ਲੱਗਭਗ 81 ਸਾਲ) ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਕਿ ਸੰਸਥਾ ਦੇ ਚਨਾਲ਼ੋਂ (ਕੁਰਾਲ਼ੀ) ਵਿਖੇ ਸਥਿਤ ਮਲਟੀਸਪੈਸ਼ਲ ਚੈਰੀਟੇਬਲ ਹਸਪਤਾਲ ਦੇ ਆਈ.ਸੀ.ਯੂ. ਵਿੱਚ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਜੇਰੇ ਇਲਾਜ ਹੈ। ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਮੁਤਾਬਕ ਇਸ ਬਜੁਰਗ ਦੀ ਸਥਿਤੀ ਨਾਜ਼ੁਕ ਹੈ। ਇਨ੍ਹਾਂ ਨੂੰ 15-03-2020 ਨੂੰ ਗ੍ਰਾਮ ਪੰਚਾਇਤ ਪਿੰਡ: ਕੰਧੋਲਾ (ਸ਼੍ਰੀ ਚਮਕੌਰ ਸਾਹਿਬ) ਰਾਹੀਂ ਬੇਸਹਾਰਾ



ਸਥਿਤੀ ਦੇ ਚਲਦਿਆਂ ਸੰਸਥਾ ਵਿੱਚ ਦਾਖਲ ਕਰਵਾਇਆ ਗਿਆ ਸੀ। ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਹਨਾਂ ਨੂੰ ਪਛਾਨਣ ਵਾਲ਼ਾ ਕੋਈ ਰਿਸ਼ਤੇਦਾਰ ਮਿਲਣਾ ਚਾਹੁੰਦਾ ਹੋਵੇ ਤਾਂ ਪ੍ਰਭ ਆਸਰਾ, ਕੁਰਾਲ਼ੀ ਵਿਖੇ ਸੰਪਰਕ ਕਰ ਸਕਦਾ ਹੈ।

for more news visit:
www.samajweekly.com

# ਤਰਨ ਤਾਰਨ ਜਿਮਨੀ ਚੋਣ ਸਰਕਾਰ ਦੇ ਲੋਕ ਭਲਾਈ ਕੰਮਾਂ ਦੇ ਆਧਾਰ 'ਤੇ ਜਿੱਤੀ ਜਾਵੇਗੀ - ਵਿਧਾਇਕਾ ਸੰਤੋਸ਼ ਕਟਾਰੀਆ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਵਿਧਾਇਕਾ ਸੰਤੋਸ਼ ਕਟਾਰੀਆ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਜ਼ੋਰਦਾਰ ਦਾਅਵਾ ਕੀਤਾ ਹੈ ਕਿ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜਿਮਨੀ ਚੋਣ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਲੋਕ-ਕਲਿਆਣੀ ਕੰਮਾਂ ਅਤੇ ਵਿਕਾਸ ਦੇ ਆਧਾਰ 'ਤੇ ਜਿੱਤੀ ਜਾਵੇਗੀ।ਪਾਰਟੀ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਯੋਜਨਾਵਾਂ, ਜਿਵੇਂ ਕਿ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਇਲਾਜ ਅਤੇ ਸਿੱਖਿਆ ਪ੍ਰਣਾਲੀ ਵਿੱਚ ਕੀਤੇ ਗਏ ਵਧੀਆ ਸੁਧਾਰਾਂ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆਂਦਾ ਹੈ।ਬਿਆਨ ਵਿੱਚ ਖਾਸ ਤੌਰ 'ਤੇ ਤਰਨ ਤਾਰਨ ਹਲਕੇ ਵਿੱਚ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ 'ਆਪ' ਸਰਕਾਰ ਨੇ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ ਅਤੇ ਨੌਜਵਾਨਾਂ ਲਈ



ਨੌਕਰੀਆਂ ਦੇ ਕੇ ਲੋਕਾਂ ਦਾ ਦਿਲ ਜਿੱਤਿਆ ਹੈ। ਪਾਰਟੀ ਨੇ ਦਾਅਵਾ ਕੀਤਾ ਕਿ ਇਹ ਲੋਕ ਪੱਖੀ ਕੰਮ ਹੀ ਚੋਣ ਵਿੱਚ ਉਨ੍ਹਾਂ ਦੀ ਜਿੱਤ ਦਾ ਆਧਾਰ ਬਣਨਗੇ। ਬਲਾਚੌਰ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ: 'ਵਿਕਾਸ' ਹੀ ਸਾਡਾ ਅਸਲ ਹਥਿਆਰ ਹੈ ।ਇਸ ਮੌਕੇ ਹਲਕਾ ਵਿਧਾਇਕ ਬਲਾਚੌਰ, ਸੰਤੋਸ਼ ਕਟਾਰੀਆ ਨੇ ਵੀ ਪਾਰਟੀ ਦੇ ਦਾਅਵੇ ਨੂੰ ਹੋਰ ਮਜ਼ਬੂਤੀ ਦਿੱਤੀ। ਉਨ੍ਹਾਂ ਕਿਹਾ, "ਤਰਨ ਤਾਰਨ ਦੀ ਜਿਮਨੀ ਚੋਣ ਵਿੱਚ ਸਾਡਾ ਸਭ ਤੋਂ ਵੱਡਾ ਹਥਿਆਰ ਲੋਕਾਂ ਲਈ ਕੀਤੇ ਗਏ ਕੰਮ ਹਨ, ਨਾ ਕਿ ਕਿਸੇ ਤਰ੍ਹਾਂ ਦੇ ਅਨੈਤਿਕ ਹੱਥਕੰਡੇ ।ਵਿਧਾਇਕ ਕਟਾਰੀਆ ਨੇ ਅੱਗੇ ਕਿਹਾ ਕਿਭਗਵੰਤ ਮਾਨ ਸਰਕਾਰ ਨੇ ਬਿਨਾਂ ਕਿਸੇ ਭੇਦਭਾਵ ਦੇ ਪੂਰੇ ਪੰਜਾਬ ਵਿੱਚ ਕੰਮ ਕੀਤਾ ਹੈ ਅਤੇ ਇਸੇ ਵਿਕਾਸ ਦੀ ਲਹਿਰ ਤਰਨ ਤਾਰਨ ਤੱਕ ਵੀ ਪਹੁੰਚੀ ਹੈ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪੁਰਾਣੇ ਭ੍ਰਿਸ਼ਟਾਚਾਰ ਵਾਲੇ ਢਾਂਚੇ ਨੂੰ ਸਖ਼ਤ ਸਬਕ ਸਿਖਾਉਣ ਅਤੇ 'ਆਪ' ਦੀ ਇਮਾਨਦਾਰ ਰਾਜਨੀਤੀ ਨੂੰ ਮਜ਼ਬੂਤ ਕਰਨ ਲਈ ਆਪਣੇ ਵੋਟ ਦੀ ਵਰਤੋਂ ਕਰਨ। ਅਸੀਂ ਇਮਾਨਦਾਰੀ, ਲੋਕ ਭਲਾਈ ਅਤੇ ਵਿਕਾਸ ਦੇ ਆਧਾਰ 'ਤੇ ਚੋਣ ਲੜਾਂਗੇ ਅਤੇ ਜਿੱਤਾਂਗੇ। ਸੰਤੋਸ਼ ਕਟਾਰੀਆ ਨੇ ਤਰਨ ਤਾਰਨ ਦੇ ਵੋਟਰਾਂ ਨੂੰ ਭਾਵੁਕ ਅਪੀਲ ਕੀਤੀ ਹੈ ਕਿ ਉਹ ਆਪਣੇ ਵੋਟ ਰਾਹੀਂ ਇਸ 'ਵਿਕਾਸ' ਨੂੰ ਹੋਰ ਮਜ਼ਬੂਤ ਕਰਨ। ਉਨ੍ਹਾਂ ਸਪੱਸ਼ਟ ਕੀਤਾ ਕਿ ਚੋਣ ਪੂਰੀ ਤਰ੍ਹਾਂ ਨਾਲ ਇਮਾਨਦਾਰੀ ਅਤੇ ਲੋਕ ਭਲਾਈ ਦੇ ਏਜੰਡੇ 'ਤੇ ਲੜੀ ਜਾਵੇਗੀ। 'ਆਪ' ਨੇ ਭਰੋਸਾ ਪ੍ਰਗਟਾਇਆ ਕਿ ਤਰਨ ਤਾਰਨ ਦੇ ਲੋਕ ਵਿਕਾਸ ਅਤੇ ਸੁਧਾਰ ਦੀ ਰਾਜਨੀਤੀ ਨੂੰ ਪਸੰਦ ਕਰਦੇ ਹੋਏ ਮੁੜ ਤੋਂ 'ਆਪ' ਦੇ ਉਮੀਦਵਾਰ ਨੂੰ ਜਿਤਾਉਣਗੇ।

# ਛਿੰਜ ਮੇਲੇ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਬਾਬਾ ਬਲਰਾਜ ਮੰਦਰ ਵਿਖੇ ਸਿੱਜਦਾ ਕੀਤਾ

## ਰਾਣਾ, ਕੰਗ, ਕਟਾਰੀਆ,ਗੜ੍ਹੀ, ਬ੍ਰਿਗੇਡੀਅਰ, ਮੰਗੂਪੁਰ ਸਮੇਤ ਸੀਨੀਅਰ ਆਗੂ ਨੇ ਭਰੀ ਹਾਜਰੀ,ਪੱਟਕੇ ਦਾ ਘੋਲ

**ਬਲਾਚੌਰ ( ਜਤਿੰਦਰਪਾਲ ਸਿੰਘ ਕਲੇਰ )** ਦੀਵਾਲੀ ਤੋਂ ਦੂਜੇ ਦਿਨ ਸਿੱਧ ਪੁਰਸ਼ ਸ਼੍ਰੀ ਬਾਬਾ ਬਲਰਾਜ ਜੀ ਦੀ ਯਾਦ ਵਿੱਚ ਲੱਗਦੇ ਛਿੰਜ ਮੇਲੇ ਵਿੱਚ ਇਸ ਵਾਰ ਰਿਕਾਰਡਤੋੜ ਸੰਗਤਾਂ ਪਹੁੰਚੀਆਂ ਅਤੇ ਬਾਬਾ ਬਲਰਾਜ ਮੰਦਰ ਵਿਖੇ ਨਤਮਸਤਕ ਹੋਈਆਂ ।ਇਸ ਮੌਕੇ ਵੱਖ ਵੱਖ ਧਾਰਮਿਕ ਰਸਮਾਂ ਕੀਤੀਆਂ ਗਈਆ ।ਬਾਬਾ ਬਲਰਾਜ ਮੰਦਰ ਵਿਖੇ ਸਵੇਰ ਤੋਂ ਹੀ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆ ।ਇਸ ਮੌਕੇ ਕਰੀਬ ਹਰ ਸਿਆਸੀਪਾਰਟੀ ਨਾਲ ਸੰਬਧਤ ਆਗੂਆਂ ਨੇ ਹਾਜਰੀ ਭਰੀ ।ਇਸ ਮੌਕੇ ਲੋਕ ਸਭਾ ਮੈਂਬਰ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਮਾਲਵਿੰਦਰ ਸਿੰਘ ਕੰਗ, ਹਰਿਆਣਾ ਦੇ ਖੇਤੀਬਾੜੀ ਮੰਤਰੀ ਰਾਣਾ ਸ਼ਾਮ ਸਿੰਘ,ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਸੀਨੀਅਰ ਆਗੂ ਅਸ਼ੋਕ ਕਟਾਰੀਆ, ਐਸ ਸੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ, ਗੁੱਜਰ ਭਲਾਈ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ, ਜਿਲ੍ਹਾ ਯੋਜਨਾਂ ਬੋਰਡੇ ਦੇ ਚੇਅਰਮੈਨ ਸਤਨਾਮ ਸਿਮਘ ਜਲਾਲਪੁਰ, ਸਾਬਕਾ ਵਿਧਾਇਕ ਚੋਧਰੀ ਦਰਸ਼ਨ ਲਾਲ ਮੰਗੂਪੁਰ, ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੇ ਮੰਗੂਪੁਰ, ਭਾਜਪਾ ਦੇ ਜਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ, ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਉਧਨਵਾਲ,ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੈਂਬਰ ਸੇਠੀ







ਸਰਪੰਚ ਥੋਪੀਆ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਰਮਨ ਨੰਦ ਲਾਲ ਚੌਧਰੀ ਅਤੇ ਹੋਰਨਾਂ ਨੇ ਸ੍ਰੀ ਬਾਬਾ ਬਲਰਾਜ ਛਿੰਜ ਮੇਲੇ ਦੀਆਂ ਸ਼ਹਿਰ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਧਾਰਮਿਕ ਸਮਾਗਮ, ਛਿੰਜ ਮੇਲਿਆ ਨਾਲ ਭਾਈਚਾਰਕ ਸਾਂਝ ਮਜਬੂਤ ਹੁੰਦੀ ਹੈ ।ਇਸ ਮੌਕੇ ਹਲਕਾ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਦੀ ਅਪੀਲ ਤੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਬਾਬਾ ਬਲਰਾਜ ਖੇਡ ਸਟੇਡੀਅਮ ਲਈ ਆਪਣੇ ਅਖਤਿਆਰੀ ਫੰਡ ਵਿੱਚੋਂ ਅ© ਲੱਖ ਰੁਪਏ ਦੇਣ ਦਾ ਐਲਾਨ ਕੀਤਾ ।ਬਾਬਾ ਬਲਰਾਜ ਮੰਦਰ ਕਮੇਟੀ ਦੇ ਪ੍ਰਧਾਨ ਵਿਸ਼ਵ ਰਾਜ ਕੌਸ਼ਲ (ਵਿਸ਼ੂ ਰਾਣਾ), ਨਗਰ ਕੌਂਸਲ ਦੇ ਪ੍ਰਧਾਨ ਲਾਡੀ ਰਾਣਾ, ਸਾਬਕਾ ਪ੍ਰਧਾਨ ਰਾਣਾ ਰਣਦੀਪ ਸਿੰਘ ਕੌਸ਼ਲ ਤੇ ਸਮੂਹ ਕਮੇਟੀ ਮੈਂਬਰ ਅਤੇ ਰਾਜਪੂਤ ਬਰਾਦਰੀ ਦੇ ਪਤਵੰਤਿਆਂ ਵੱਲੋਂ ਮੁੱਖ ਮਹਿਮਾਨ ਮਾਲਵਿੰਦਰ ਸਿੰਘ ਕੰਗ ਐਮ ਪੀ, ਸੰਤੋਸ਼ ਕਟਾਰੀਆ ਵਿਧਾਇਕਾ ਸਮੇਤ ਵਿਸ਼ੇਸ਼ ਮਹਿਮਾਨਾਂ ਤੇ ਛਿੰਜ ਮੇਲੇ ਦੇ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ ।ਬਾਬਾ ਬਲਰਾਜ ਖੇਡ ਸਟੇਡੀਅਮ ਵਿੱਖੇ ਪਟਕੇ ਦੀ ਹੋਈ ਘੋਲ ਗੌਰਵ ਮਾਛੀਵਾੜਾ ਨੇ ਹੁਸੈਨ ਪਾੜੇਵਾਲਾ ਨੂੰ ਹਰਾ ਕੇ ਜਿੱਤੀ ।ਇਸ ਮੌਕੇ ਸਮੂਹ ਮੰਦਰ ਕਮੇਟੀ ਮੈਂਬਰ, ਸਮੂਹ ਕੌਂਸਲਰ ਹਾਜਿਰ ਸਨ ।ਇਸ ਮੌਕੇ ਡੀਐਸਪੀ ਹੇਮੰਤ ਮਲਹੋਤਰਾ ਦੀ ਅਗਵਾਈ ਹੇਠ ਮੁੱਖ ਥਾਣਾ ਅਫਸਰ ਬਲਾਚੌਰ ਸ਼ਹਿਰੀ ਇੰਸਪੈਕਟਰ ਰਾਜਪਰਵਿੰਦਰ ਕੌਰ, ਥਾਣਾ ਸਦਰ ਬਲਾਚੌਰ ਦੇ ਇੰਸਪੈਕਟਰ ਰਾਕੇਸ਼ਵਿੰਦਰ ਸਿੰਘ ਅਤੇ ਪੁਲਿਸ ਪਾਰਟੀਆਂ ਵੱਲੋਂ ਅਮਨ ਸ਼ਾਂਤੀ ਲਈ ਆਪਣੀ ਬਾਜ ਨਜਰ ਬਣਾਈ ਰੱਖੀ ।ਸਟੇਜ ਸਕਤਰ ਦੀ ਭੂਮਿਕਾ ਸੀਨੀਅਰ ਪੱਤਰਕਾਰ ਹੈਪੀ ਰਾਣਾ ਨੇ ਨਿਭਾਈ ।

# ਤਰਨਤਾਰਨ ਤੋਂ ਜ਼ਿਮਨੀ ਚੋਣਾਂ ਵਿੱਚ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗਾ : ਸਤਨਾਮ ਜਲਾਲਪੁਰ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੇ ਹਲਕਾ ਤਰਨਤਾਰਨ ਵਿਧਾਨ ਸਭਾ ਵਿੱਚ ਜ਼ਿਮਨੀ ਚੋਣ ਥੋੜੇ ਸਮੇਂ ਵਿੱਚ ਆ ਰਹੀ ਹੈ। ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਵਾਂਸ਼ਹਿਰ ਦੇ ਪਲਾਨਿੰਗ ਬੋਰਡ ਸ੍ਰੀ ਸਤਨਾਮ ਜਲਾਲਪੁਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਥੋੜੇ ਸਮੇਂ ਵਿੱਚ ਆ ਰਹੀ ਹੈ। ਆਮ ਆਦਮੀ ਪਾਰਟੀ ਵਲੋਂ ਹਰਮੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਖੜਾ ਕੀਤਾ ਹੈ। ਅੱਗੋਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਜੋ ਵੀ ਕੰਮ ਪੰਜਾਬ ਸਰਕਾਰ ਨੇ ਪੰਜਾਬ ਦੇ ਮਾਨਯੋਗ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ ਹੋਏ ਹਨ। ਉਹਨਾਂ ਮੁਤਾਬਕ ਹੀ ਲੋਕਾਂ ਤੋਂ ਘਰ ਘਰ ਜਾ ਕੇ ਵੋਟਾਂ ਮੰਗਣਗੇ । ਸਤਨਾਮ ਜਲਾਲਪੁਰ ਕਿਹਾ ਕਿ ਤਰਨ-ਤਾਰਨ ਦੀ ਜਿਮਨੀ ਚੋਣ ਸਰਕਾਰ ਦੇ ਲੋਕ ਕਾਲਿਆਣੀ ਕੰਮਾਂ ਦੇ ਅਧਾਰ ਤੇ ਜਿੱਤਿਆ ਜਾਵੇਗਾ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਵਿੱਚ ਲੋਕਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਜਿਵੇ ਕਿ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਇਲਾਜ ਅਤੇ ਸਿੱਖਿਆ ਵਿੱਚ ਵਧੀਆ ਸੁਧਾਰਾਂ ਨੇ ਲੋਕਾਂ ਦੀ ਜਿੰਦਗੀ ਵਿੱਚ ਅਸਲ ਬਦਲਆ ਲਿਆਂਦਾ ਹੈ ਤਰਨ ਤਾਰਨ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ, ਨੌਜਵਾਨਾਂ ਲਈ ਨੌਕਰੀਆਂ ਦੇ ਕੇ ਲੋਕਾਂ ਦਾ ਮਨ ਜਿੱਤਿਆ ਹੈ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਨਾਲ ਇਸ ਵਿਕਾਸ ਨੂੰ ਹੋਰ ਮਜਬੂਤ ਕਰਨ ਅਤੇ ਭ੍ਰਿਸ਼ਟਾਚਾਰ ਵਾਲੀਆਂ ਪਾਰਟੀਆਂ ਨੂੰ ਸਖ਼ਤ ਸਬਕ ਸਿਖਾਉਣ ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਕੋਈ ਵੀ ਅਨੈਤਿਕ ਤਰੀਕੇ ਨਹੀਂ ਅਪਣਾਏ ਜਾਣਗੇ ਚੋਣ ਇਮਾਨਦਾਰੀ ਤੇ ਲੋਕ ਭਾਲਾਈ ਦੇ ਅਧਾਰ ਤੇ ਲੜੀ ਜਾਵੇਗੀ।

# 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਤਹਿਤ ਪ੍ਰਾਈਵੇਟ ਹਸਪਤਾਲਾਂ ਅਤੇ ਨਰਸਿੰਗ ਹੋਮ ਵਿਖੇ ਕੀਤੀਆਂ ਗਈਆਂ ਗਤੀਵਿਧੀਆਂ- ਡਾ. ਹਰਿੰਦਰ ਕੁਮਾਰ ਸ਼ਰਮਾ

**ਮਾਨਸਾ (ਚਾਨਣਦੀਪ ਸਿੰਘ ਔਲਖ)** ਸਿਹਤ ਮੰਤਰੀ ਪੰਜਾਬ ਡਾ.ਬਲਬੀਰ ਸਿੰਘ, ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਡਾ.ਹਤਿੰਦਰ ਕੌਰ ਦੇ ਹੁਕਮਾਂ ਅਨੁਸਾਰ ਡਿਪਟੀ ਕਮਿਸ਼ਨਰ ਮਾਨਸਾ ਨਵਜੋਤ ਕੌਰ ਆਈ. ਏ.ਐਸ. ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਮਾਨਸਾ ਡਾ.ਹਰਿੰਦਰ ਕੁਮਾਰ ਸ਼ਰਮਾਂ ਦੀ ਅਗਵਾਈ ਵਿੱਚ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਤਹਿਤ ਜ਼ਿਲ੍ਹੇ ਦੇ ਪ੍ਰਾਈਵੇਟ ਹਸਪਤਾਲ ਅਤੇ ਨਰਸਿੰਗ ਹੋਮ ਵਿਖੇ ਬ੍ਰੀਡਿੰਗ ਚੈਕਿੰਗ,ਸਪਰੇਅ ਐਕਟੀਵਿਟੀਜ਼ ਅਤੇ ਜਾਗਰੂਕਤਾ ਕੈਂਪ ਲਗਾ ਕੇ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਲਾਰਵਾ ਮਿਲਣ 'ਤੇ ਲਾਰਵੀਸਾਈਡ ਦਾ ਛਿੜਕਾਅ ਵੀ ਕੀਤਾ ਗਿਆ ਲ ਇਸ ਮੌਕੇ ਡਾਕਟਰ ਹਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਜਿਲ੍ਹੇ 'ਚ ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਾਰਵਾ ਚੈੱਕ ਕੀਤਾ ਗਿਆ ਅਤੇ ਡੇਂਗੂ ਤੋਂ ਬਚਾਅ ਲਈ ਜਾਣਕਾਰੀ ਦਿੱਤੀ ਗਈ। ਉਹਨਾਂ ਦੱਸਿਆ ਕਿ ਬਰਸਾਤੀ ਪਾਣੀ ਕਾਰਨ ਵੈਕਟਰ ਬੋਰਨ ਬਿਮਾਰੀਆਂ ਜਿਵੇਂ ਕਿ ਡੇਂਗੂ, ਚਿਕਨਗੁਨੀਆ, ਮਲੇਰੀਆ ਆਦਿ ਫੈਲ ਸਕਦੀਆਂ ਹਨ। ਇਸ ਨੂੰ ਰੋਕਣ ਲਈ ਬਿਲਡਿੰਗ/ਘਰਾਂ ਦੀਆਂ ਛੱਤਾਂ ਤੇ ਪਏ ਟਾਇਰਾਂ, ਟੁੱਟੇ ਭੱਜੇ ਬਰਤਨਾਂ, ਕੂਲਰਾਂ ਦੇ ਪਾਣੀ,ਕਬਾੜ ਦੀਆਂ ਦੁਕਾਨਾਂ ਤੇ ਪਏ ਕਬਾੜ ਆਦਿ ਨੂੰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ ਲ ਫਰਿੱਜ ਦੀ ਟ੍ਰੇ,ਮਨੀ ਪਲਾਂਟ ਵਾਲੀ ਬੋਤਲ ਦੇ ਪਾਣੀ ਨੂੰ ਹਫਤੇ ਇੱਕ ਵਾਰ ਖਾਲੀ ਕਰਕੇ ਸੁਕਾਉਣ ਉਪਰੰਤ ਦੁਬਾਰਾ ਪਾਣੀ



ਭਰਨਾ ਚਾਹੀਦਾ ਹੈ ਲ ਜੇਕਰ ਇਹਨਾਂ ਥਾਵਾਂ ਨੂੰ ਸਾਫ ਕਰਕੇ ਸੁਕਾਇਆ ਨਾ ਜਾਵੇ ਤਾਂ ਮੱਛਰ ਪੈਦਾ ਹੁੰਦਾ ਹੈ,ਜੋ ਡੇਂਗੂ ਦੇ ਫੈਲਣ ਦਾ ਕਾਰਨ ਬਣਦਾ ਹੈ।ਡੇਂਗੂ ਦਾ ਬੁਖਾਰ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।

ਨਾਲ ਹੀ ਉਹਨਾਂ ਨੇ ਦੱਸਿਆ ਕਿ ਮਾਨਸਾ ਸ਼ਹਿਰ ਵਿਖੇ ਮਾਨਸਾ ਕਲੱਬ ਮਾਨਸਾ,ਡਾ.ਅੰਬੇਡਕਰ ਨਗਰ, ਗੁਰੂਘਰ ਕੋਰਟ ਰੋਡ,ਅਰਬਨ ਪੀ.ਐਚ.ਸੀ. ਮਾਨਸਾ ਵਿਖੇ ਡੇਂਗੂ ਦੇ ਚਿਕਨਗੁਨੀਆਂ ਸਬੰਧੀ ਮੈਡੀਕਲ ਚੈੱਕ ਅਪ ਕੈਂਪ ਲਗਾਏ ਗਏ,ਜਿੱਥੇ ਡਾਕਟਰ,ਪੈਰਾ ਮੈਡੀਕਲ ਸਟਾਫ ਅਤੇ ਲੈਬ ਟੈਕਨੀਸ਼ਨ ਲਗਾਏ ਅਤੇ ਲੋਕਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ ਅਤੇ ਨਾਲ ਹੀ ਲੋਕਾਂ ਨੂੰ ਜਾਗਰੂਕ ਵੀ ਕੀਤਾ ਗਿਆ,ਇਹਨਾਂ ਕੈਂਪਾਂ ਦੀ ਸੁਪਰਵੀਜ਼ਨ ਸਿਵਲ ਸਰਜਨ ਮਾਨਸਾ ਨੇ ਖੁਦ ਆਪ ਜਾ ਕੇ ਕੀਤੀ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਸੰਤੋਸ਼ ਭਾਰਤੀ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ,ਉਲਟੀਆਂ,ਅੱਖਾਂ ਅਤੇ ਪਿਛਲੇ ਹਿੱਸੇ ਵਿਚ ਦਰਦ,ਜੋੜਾਂ ਅਤੇ ਹੱਡੀਆਂ ਵਿੱਚ ਦਰਦ ਆਦਿ ਦੇ ਲੱਛਣ ਹੋਣ ਤਾਂ ਨੇੜੇ ਦੀ ਸਿਹਤ ਸੰਸਥਾ ਵਿੱਚ ਜਾ ਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਮੱਛਰ ਦੇ ਕੱਟਣ ਤੋਂ ਬਚਾਅ ਲਈ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਸੌਣ ਸਮੇਂ ਮੱਛਰ ਭਜਾਊ ਕਰੀਮਾਂ ਅਤੇ ਮੱਛਰਦਾਨੀਆਂ ਦਾ ਪ੍ਰਯੋਗ ਵੀ ਕੀਤਾ ਜਾਣਾ ਚਾਹੀਦਾ ਹੈ। ਡੇਂਗੂ ਦੀ ਜਾਂਚ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤੀ ਜਾਂਦੀ ਹੈ।ਆਸ਼ਾ ਵਰਕਰ ਘਰ ਤੋਂ ਘਰ ਜਾ ਕੇ ਸ਼ੱਕੀ ਮਰੀਜ਼ਾਂ ਦੀ ਭਾਲ ਕਰਕੇ ਕੈਂਪ ਵਿੱਚ ਲਿਆ ਕੇ ਡਾਕਟਰ ਦੇ ਦੱਸੇ ਅਨੁਸਾਰ ਟੈਸਟ ਕੀਤੇ ਜਾ ਰਹੇ ਹਨ। ਇਸ ਮੌਕੇ ਇਸ ਮੌਕੇ ਡਿਪਟੀ ਮਾਸ ਮੀਡੀਆ ਅਤੇ ਸੂਚਨਾ ਅਫਸਰ ਦਰਸ਼ਨ ਸਿੰਘ,ਤਿਰਲੋਕ ਸਿੰਘ, ਸਿਹਤ ਸੁਪਰਵਾਈਜ਼ਰ ਰਾਮ ਕੁਮਾਰ, ਸੰਜੀਵ ਕੁਮਾਰ ਸ਼ਰਮਾਂ, ਇਨਸੈਕਟ ਕੁਲੈਕਟਰ ਕ੍ਰਿਸ਼ਨ ਕੁਮਾਰ,ਸਿਹਤ ਕਰਮਚਾਰੀ ਬਲਜੀਤ ਸਿੰਘ, ਗੁਰਿੰਦਰਜੀਤ ਸ਼ਰਮਾਂ,ਏ.ਐਨ.ਐਮ.,ਆਸ਼ਾ ਵਰਕਰਾਂ ਅਤੇ ਬਰੀਡਿੰਗ ਚੈੱਕਰ ਮੌਜੂਦ ਸਨ।

## ਚੰਗੇ ਕਿਰਦਾਰ ਦੀ ਖ਼ੁਸ਼ਬੋ

ਅਸੀਂ ਮਾਂ ਪਿਓ ਤੋਂ ਲੈ ਕੇ ਜੰਮੇ ,
ਪਰਿਵਾਰ ਦੀ ਖ਼ੁਸ਼ਬੋ ।
ਵਿਰਸੇ ਵਿੱਚ ਦਾਦਾ ਦਾਦੀ ਤੋਂ ,
ਮਿਲੀ ਪਿਆਰ ਦੀ ਖ਼ੁਸ਼ਬੋ।
ਕੁੱਝ ਕੁ ਪਲਾਂ ਦੀ ਖੇਡ ਹੈ ਇਹ,
ਮਹਿਕ ਤੇਰੇ ਇਤਰ ਦੀ ;
ਅਸੀਂ ਪਲ ਪਲ ਵੰਡੀਏ ਆਪਣੇ,
ਕਿਰਦਾਰ ਦੀ ਖ਼ੁਸ਼ਬੋ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਅਣਜਾਣ ਹੀ ਰਿਹਾ

ਕਦੇ ਓਪਰੇ ਵੀ ਆਪਣੇ ਬਣਦੇ ਹਨ
ਫਿਰ ਵੀ ਉਪਰੇ ਨੂੰ ਆਪਣਾ ਬਣਾਉਂਦਾ ਰਿਹਾ
ਸਾਰੀ ਉਮਰ ਅਣਜਾਣ ਹੀ ਰਿਹਾਙ
ਮਰਨ ਬਾਅਦ ਧਨ ਦੌਲਤ ਨਾਲ ਨਹੀਂ ਜਾਂਦਾ
ਫੇਰ ਵੀ ਸਾਰੀ ਉਮਰ ਧਨ ਦੌਲਤ ਕਮਾਉਂਦਾ ਰਿਹਾ
ਸਾਰੀ ਉਮਰ ਅਣਜਾਣ ਹੀ ਰਿਹਾਙ
ਕੀ ਸਾਰੇ ਲੋਕ ਭਰੋਸੇ ਦੇ ਕਾਬਲ ਹੁੰਦੇ ਹਨ
ਫੇਰ ਵੀ ਮੈਂ ਸਭ ਤੇ ਭਰੋਸਾ ਕਰਦਾ ਰਿਹਾ
ਸਾਰੀ ਉਮਰ ਅਣਜਾਣ ਹੀ ਰਿਹਾਙ
ਕੀ ਸਾਰੇ ਕੰਮਾਂ ਵਿੱਚ ਸਫਲਤਾ ਮਿਲਦੀ ਹੈ
ਫਿਰ ਵੀ ਸਾਰੇ ਕੰਮਾਂ ਵਿੱਚ ਕਿਸਮਤ ਅਜਮਾਉਂਦਾ ਰਿਹਾ
ਸਾਰੀ ਉਮਰ ਅਣਜਾਣ ਹੀ ਰਿਹਾ
ਕੀ ਰੇਤ ਦੇ ਘਰ ਸਾਰੇ ਟਿਕਾਊ ਹੁੰਦੇ ਹਨ
ਫਿਰ ਵੀ ਸਾਰੀ ਉਮਰ ਰੇਤ ਦੇ ਘਰ ਬਣਾਉਂਦਾ ਰਿਹਾ
ਸਾਰੀ ਉਮਰ ਅਣਜਾਣ ਹੀ ਰਿਹਾ



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
ਮੋਬਾਈਲ 94 16 35 9045
ਰੋਤਕ ਹਰਿਆਣਾ

## ਸ਼ੇਅਰ : ਭੁੱਲ ਕੇ ਨਾ ਭੁਲਾਇਆ

1. ਕੁਛ ਥਾਵਾਂ ਤੇ ਕੁਛ ਬੰਦੇ ਬਦਨਾਮ ਹੋ ਸਕਦੇ ਨੇ
ਪਰ ਸਾਰੀਆਂ ਥਾਵਾਂ ਤੇ ਸਾਰੇ ਬੰਦੇ ਨੀਂ ,
ਕੁਛ ਕੰਮ ਗਲਤ ਹੋ ਸਕਦੇ ਨੇ
ਪਰ ਦੁਨੀਆ ਦੇ ਸਾਰੇ ਧੰਦੇ ਨੀਂ.....
2. ਦੂਰੀ ਵੀ ਸੀ
ਮਜ਼ਬੂਰੀ ਵੀ ਸੀ
ਤੈਥੋਂ ਵਿਛੜਨਾ
ਜ਼ਰੂਰੀ ਵੀ ਸੀ....
3. ਜੇ ਜ਼ਿੰਦਗੀ ਵਿੱਚ ਸਭ ਕੁਝ ਮਿਲ ਹੀ ਜਾਂਦਾ
ਫਿਰ ਜਿਉਣ ਦੀ ਬਹੁਤੀ ਇੱਛਾ ਨਾ ਰਹਿੰਦੀ
" ਚੱਜ ਨਾਲ਼ ਮੈਨੂੰ ਜੀਅ ਨਹੀਂ ਰਿਹਾ "
ਜ਼ਿੰਦਗੀ ਵੀ ਮੈਨੂੰ ਇਹ ਵਾਰ - ਵਾਰ ਕਹਿੰਦੀ
4. ਕਿਸੇ ਦਾ ਜਦੋਂ ਖਿਆਲ ਆਵੇ
ਤਾਂ ਜਲਦੀ ਹੀ ਭੁੱਲ ਜਾਈਦਾ ,
ਕਿਸੇ ਨੂੰ ਬਹੁਤਾ ਚੇਤੇ ਕਰਕੇ
ਕਦੇ - ਕਦੇ ਅਸੀਂ ਵੀ ਰੁਲ ਜਾਈਦਾ...
5. ਜੰਗਲਾਂ ਤੇ ਪਹਾੜਾਂ ਵਿੱਚ ਜਾ ਕੇ
ਪੇੜ - ਪੌਦੇ ਲਗਾ ਕੇ
ਪੌਦਿਆਂ ਨੂੰ ਬਚਾ ਕੇ
ਬੜਾ ਹੀ ਸਕੂਨ ਆਉਂਦਾ
ਮਿੱਤਰੋ ! ਵਾਤਾਵਰਨ ਖੁਸ਼ਹਾਲ ਬਣਾ ਕੇ .....
6. ਦੁਨੀਆ ਦਾ ਦਸਤੂਰ :-
ਜਿਹੜਾ ਬੰਦਾ ਨਿਸ਼ਕਾਮ ਕੰਮ ਕਰਦਾ
ਲੋਕੀਂ ਉਹਦੀਆਂ ਤਾਂ ਜੜ੍ਹਾਂ ਵੱਢਦੇ
ਜਿਹੜਾ ਸਭ ਦੇ ਜੁੱਤੀ ਫੇਰਦਾ
ਉਹਦੀਆਂ ਵਾਰ - ਵਾਰ ਲੇਲੜੀਆਂ ਕੱਢਦੇ....
7. ਵਾਰ - ਵਾਰ ਆਪਣੇ ਮਨ ਨੂੰ ਮਨਾਉਣਾ
ਵਾਰ - ਵਾਰ ਆਪਣੇ ਆਪ ਨੂੰ ਸਮਝਾਉਣਾ
ਸ਼ਾਇਦ ਦੁਨੀਆ ਦਾ ਦਸਤੂਰ ਈ ਐ
ਕਿਸੇ ਹੱਸਦੇ ਨੂੰ ਵਾਰ - ਵਾਰ ਰੁਆਉਣਾ....
8. ਜੇ ਹੋਵਣ ਚੰਗੇ
ਕਿਸਮਤ , ਕਰਮ ਤੇ ਸੋਚ ,
ਫਿਰ ਜ਼ਿੰਦਗੀ 'ਚ
ਕਦੇ ਨਾ ਆਵੇ ਮੋਚ....
9. ਭੁੱਲ ਕੇ ਨਾ ਭੁਲਾਇਆ ਗਿਆ
ਛੱਡ ਕੇ ਨਾ ਗੁਆਇਆ ਗਿਆ ,
ਐਸਾ ਸੀ ਪਿਆਰ ਤੇਰਾ
ਸਾਥੋਂ ਨਾ ਜੋ ਪਾਇਆ ਗਿਆ ..
10. ਇੱਕ ਹੀ ਗੱਲ ਸੀ
ਜੋ ਮਨ ਵਿੱਚ ਰਹਿ ਗਈ ;
ਖਾਲੀ ਸੀ ਮਨ ਮੇਰਾ
ਉਹ ਚੁਪਕੇ ਜਿਹੇ
ਬਹਿ ਗਈ..
11.
ਸੋਚਦਾ ਹੁੰਦਾ ਸੀ
ਜਿਸਨੇ ਉਸਨੂੰ ਬਣਾਇਆ
ਕਿੰਨਾ ਸੋਹਣਾ ਰੂਪ ਦਿੱਤਾ
ਉਸ ਵਿੱਚ ਸਾਰੀ ਕਾਇਨਾਤ ਨੂੰ ਵਸਾਇਆ ..
12. ਛੋਟੀਆਂ - ਛੋਟੀਆਂ ਖੁਸ਼ੀਆਂ
ਵੱਡੇ - ਵੱਡੇ ਦੁੱਖ ,
ਵੱਡੀਆਂ - ਵੱਡੀਆਂ ਇਮਾਰਤਾਂ
ਛੋਟੇ - ਛੋਟੇ ਰੁੱਖ ,
ਇੱਕੋ - ਇੱਕ ਕਾਰਨ
ਇਨਸਾਨ ਦੀ ਵੱਧ ਰਹੀ ਭੁੱਖ ....



**ਮਾਸਟਰ ਸੰਜੀਵ ਧਰਮਾਣੀ**
9478561356

## ਮੌਤ ਤੋਂ ਗਿਆ ਬਾਜ਼ੀ ਹਾਰ

**ਪ੍ਰਸਿੱਧ ਕਲਾਕਾਰ ਰਾਜਵੀਰ ਜਵੰਦਾ ਨੂੰ ਆਪਣੀ ਰਚਨਾ ਨਾਲ ਸ਼ਰਧਾਂਜਲੀ ਭੇਂਟ ਕਰਦਾ ਹਾਂ।**

ਗਾਉਂਦਾ ਸੀ ਜੋ ਸੱਭਿਆਚਾਰ, ਤੁਰ ਗਿਆ ਕਲਾਕਾਰ।
ਕੂੰਜ ਵਿੱਛੜ ਗਈ ਡਾਰੋਂ, ਮੌਤ ਤੋਂ ਗਿਆ ਬਾਜ਼ੀ ਹਾਰ।
ਨਾਂ ਰਾਜਵੀਰ ਜਵੰਦਾ, ਚਿਹਰੇ 'ਤੇ ਸੀ ਨੂਰ ਵਰਸਦਾ,
ਯਾਰਾਂ ਦਾ ਸੀ ਯਾਰ, ਸਭ ਦਾ ਕਰਦਾ ਸੀ ਸਤਿਕਾਰ।
ਉਹਦੇ ਗੀਤਾਂ ਦੇ ਬੋਲ, ਰਿਸ਼ਤਿਆਂ ਦੀ ਪਾਂਦੇ ਨੇ ਬਾਤ,
ਸਰੋਤਿਆਂ ਨੇ ਦਿੱਤਾ ਜਵੰਦੇ ਨੂੰ, ਮਣਾਂ ਮੂੰਹੀ ਪਿਆਰ।
ਨਾ ਕੰਮ ਦੁਆਵਾਂ ਆਈਆਂ, ਨਾ ਆਈਆਂ ਅਰਦਾਸਾਂ,
ਸਭ ਫੋਕੇ ਕਰਮਕਾਂਡ, ਕਰ ਲਓ ਸੋਚ ਵਿਚਾਰ।
ਜਿੰਨੇ ਲਿਖੇ ਸਾਹ ਉਨੇ ਹੀ ਭੋਗਣੇ, ਮੰਨੋ ਰੱਬੀ ਭਾਣਾ,
ਆਖਿਰ ਇਹੀ ਆਖਦੇ, ਅਖੌਤੀ ਰੱਬ ਦੇ ਠੇਕੇਦਾਰ।
ਅਵਾਰਾ ਜਾਨਵਰਾਂ ਦੇ ਕਾਰਨ, ਨਿੱਤ ਹਾਦਸੇ ਹੁੰਦੇ,
ਜੋ ਅਣਆਈ ਮੌਤਾਂ ਹੋ ਰਹੀਆਂ, ਢਾਂਚਾ ਜਿੰਮੇਵਾਰ।
ਮਰਨ ਪਿੱਛੋਂ ਆਉਂਦੇ, ਝੂਠੇ ਬਣ ਕੇ ਹਮਦਰਦੀ,
ਨੀਅਤ ਹੋਵੇ ਸਾਫ, ਹੱਲ ਕਰ ਸਕਦੀ ਸਰਕਾਰ।
ਡਾਕਟਰਾਂ ਨੇ ਵੀ ਲੋਕਾਂ ਨੂੰ, ਰੱਜ ਕੇ ਬੁੱਧੂ ਬਣਾਇਆ,
'ਪਾਲ' ਪੈਸੇ ਖਾਤਿਰ ਭੁੱਲੇ, ਲੋਕ ਆਪਣਾ ਕਿਰਦਾਰ।



**ਧਰਮ ਪਾਲ ਪੈਂਥਰ ਯੂ ਐਸ ਏ**



# ਹੁਣ ਕੋਈ ਵੀ ਜਰੂਰਤਮੰਦ, ਕਿਸੇ ਪ੍ਰਾਈਵੇਟ ਸਕੂਲ ਵਿੱਚ, ਬੱਚਿਆਂ ਦੀ ਮੁਫਤ ਪੜ੍ਹਾਈ ਕਰਵਾ ਸਕਦਾ ਹੈ

**ਮਹਿਲ ਕਲਾਂ –24ਅਕਤੂਬਰ (ਗੁਰਭਿੰਦਰ ਗੁਰੀ)** ਹਮੇਸ਼ਾ ਲੋਕ ਹਿਤ,ਤੇ ਲੋਕਾਂ ਲਈ ਆਵਾਜ਼ ਚੁੱਕਣ ਵਾਲੀ ਸੰਸਿਥਾ ਨੂੰ ਭਾਈ ਲਾਲੋ ਮੰਚ ਪੰਜਾਬ ਦੇ, ਆਗੂ ਹਰਜੀਤ ਸਿੰਘ ਖਿਆਲੀ ਵੱਲੋਂ, ਵਿੱਡੀ ਗਈ ਅਹਿਮ ਅਤੇ ਜ਼ਰੂਰੀ ਮੁਹਿਮ। ਜਿਸਦੇ ਤਹਿਤ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਹਰਜੀਤ ਖਿਆਲੀ ਨੇ ਦੱਸਿਆ ਕਿ, ਆਰ, ਟੀ, ਈ ਐਕਟ 2009 ਦੇ ਤਹਿਤ, ਮਾਪੇ ਆਪਣੇ ਬੱਚਿਆਂ ਨੂੰ,ਕਿਸੇ ਵੀ ਪ੍ਰਾਈਵੇਟ ਸਕੂਲ ਵਿੱਚ ਫਰੀ ਪੜ੍ਹਾਈ ਕਰਵਾ ਸਕਦੇ ਹਨ,। ,ਇਹ ਫੈਸਲੇ ਨੂੰ ਮਾਣਯੋਗ ਹਾਈ ਕੋਰਟ ਦੀ ਅਦਾਲਤ ਵਿਚ ਹਰੀ ਝੰਡੀ ਮਿਲ ਚੁੱਕੀ ਹੈ। ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ, ਪ੍ਰਾਈਵੇਟ ਸਕੂਲਾਂ ਨੂੰ ਵੀ



ਇਸ ਸਬੰਧੀ ਨੋਟਿਸ ਜਾਰੀ ਹੋ ਚੁੱਕੇ ਹਨ,। ਹੁਣ ਇਹ ਦੇਖਦੇ ਹਾਂ ਕਿ ਇਹ ਫੈਸਲੇ ਨੂੰ ਪ੍ਰਾਈਵੇਟ ਸਕੂਲਾਂ ਵਾਲੇ ਕਿਵੇਂ ਲੈਂਦੇ ਹਨ,। ਬਾਕੀ ਬੱਚਿਆਂ ਦੇ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਇਸ ਆਵਾਜ਼ ਨੂੰ ਬੁਲੰਦ ਕਰਨ, ਤੇ ਇੱਕ ਜੁੱਟ ਹੋ ਕੇ ਜਲਦੀ ਤੋਂ ਜਲਦੀ, ਸਕੂਲਾਂ ਵਿੱਚ ਅਪਰੋਚ ਕਰਕੇ, ਜਰੂਰਤਮੰਦ ਪਰਿਵਾਰ, ਇਸ ਸਕੀਮ ਦਾ ਲਾਹਾ ਲੈਣ, ਇਸ ਦੇ ਤਹਿਤ, ਸਕੂਲ ਦੀ ਮੈਨੇਜਮੈਂਟ, 25% ਵਿਦਿਆਰਥੀਆਂ ਨੂੰ ਆਪਣੇ ਸਕੂਲ ਵਿੱਚ, ਮੁਫਤ ਵਿੱਦਿਆ ਦੀ ਸਹੂਲਤ ਦੇ ਸਕਦੇ ਹਨ।, ਮਾਪਿਆਂ ਵੱਲੋਂ, ਭਾਈ ਲਾਲੋ ਮੰਚ ਦੇ ਇਸ ਪ੍ਰਿਆਸ ਸਬੰਧੀ, ਸਲਾਘਾ ਕੀਤੀ ਗਈ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਖਿਆਲੀ, ਕਰਮਜੀਤ ਸਿੰਘ ਸਹਿਜੜਾ, ਦਵਿੰਦਰ ਸਿੰਘ , ਬਿੰਦਰ ਸਿੰਘ ਸਹਿਜੜਾ, ਕੁਲਵਿੰਦਰ ਸਿੰਘ ਕਿੰਦਾ, ਪਰਮਜੀਤ ਸਿੰਘ, ਇੰਦਰਵੀਰ ਸਿੰਘ ਅਤੇ ਕਰਨੈਲ ਸਿੰਘ ਆਦਿ ਹਾਜ਼ਰ ਸਨ॥

## ਵਿਕਾਸ ਕਾਰਜਾਂ ਦੀ ਸਮੀਖਿਆ ਕਰਕੇ ਵਿਭਾਗਾਂ ਨੂੰ ਸਮਾਂਬੱਧ ਢੰਗ ਨਾਲ ਕੰਮ ਕਰਨ ਦੇ ਦਿੱਤੇ ਨਿਰਦੇਸ਼

**ਸੇਫ ਸਕੂਲ ਵਾਹਨ ਯੋਜਨਾ ਤਹਿਤ ਸਤੰਬਰ ਮਹੀਨੇ 'ਚ 157 ਬੱਸਾਂ ਦੀ ਚੈਕਿੰਗ, 15 ਦੇ ਹੋਏ ਚਲਾਨ**

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਨੇ ਅੱਜ ਜ਼ਿਲ੍ਹੇ ਵਿਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਯੋਗ ਵਿਅਕਤੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਅਤੇ ਕੰਮਾਂ ਵਿਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਵਿਭਾਗ ਮੁਖੀਆਂ ਤੋਂ ਉਨ੍ਹਾਂ ਦੇ ਕੰਮ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਇਸ ਦੌਰਾਨ 'ਐਨਕਾਰਡ' ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹੇ ਵਿਚ ਨਸ਼ੇ ਦੇ ਖ਼ਾਤਮੇ ਲਈ ਸਾਰੇ ਵਿਭਾਗਾਂ ਨੂੰ ਮਿਲ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਸਮਾਜ ਵਿਚ ਫੈਲੇ ਇਸ ਜ਼ਹਿਰ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਸਕੂਲ ਸਿੱਖਿਆ




ਵਿਭਾਗ, ਸਿਹਤ, ਡਰੱਗ ਕੰਟਰੋਲਰ, ਆਬਕਾਰੀ ਅਤੇ ਕਰ, ਪੁਲਿਸ ਵਿਭਾਗ ਸਮੇਤ ਸਾਰੇ ਵਿਭਾਗਾਂ ਨੂੰ ਆਪਣੇ ਪੱਧਰ 'ਤੇ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਹਰ ਜ਼ਰੂਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਵਧੀਕ ਡਿਪਟੀ ਕਮਿਸ਼ਨਰ ਨੇ ਸੜਕ ਸੁਰੱਖਿਆ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲੈਕ ਸਪਾਟਾਂ ਦੀ ਪਛਾਣ ਕਰਨ ਅਤੇ ਸੁਰੱਖਿਆ ਉਪਾਅ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕੋਈ ਵੀ ਰਾਹਗੀਰ ਹਾਦਸੇ ਦਾ ਸ਼ਿਕਾਰ ਨਾ ਹੋਵੇ।

ਇਸ ਦੌਰਾਨ ਟਰਾਂਸਪੋਰਟ ਵਿਭਾਗ ਨੇ ਦੱਸਿਆ ਕਿ ਸੇਫ਼ ਸਕੂਲ ਵਾਹਨ ਨੀਤੀ ਦੇ ਤਹਿਤ ਸਤੰਬਰ ਮਹੀਨੇ ਵਿਚ 157 ਸਕੂਲ ਵਾਹਨਾਂ ਦੀ ਜਾਂਚ ਕੀਤੀ ਗਈ ਅਤੇ 15 ਚਲਾਨ ਕੀਤੇ ਗਏ। ਇਸੇ ਤਰ੍ਹਾਂ ਪੁਲਿਸ ਵਿਭਾਗ ਨੇ ਇਕ ਇਨਫੋਰਸਮੈਂਟ ਮੁਹਿੰਮ ਦੇ ਹਿੱਸੇ ਵਜੋਂ ਸਤੰਬਰ ਵਿਚ 5,330 ਚਲਾਨ ਜਾਰੀ ਕੀਤੇ, ਜਿਸ ਵਿਚ 444 ਮੌਕੇ 'ਤੇ ਜੁਰਮਾਨੇ ਸ਼ਾਮਿਲ ਹਨ ਅਤੇ ਕੁੱਲ 2,26,500 ਰੁਪਏ ਜੁਰਮਾਨਾ ਵਸੂਲਿਆ ਗਿਆ।

## ਨਕੋੜਾ ਪਾਸ਼ਰਵ ਭੈਰਵ ਪਰਿਵਾਰ ਵੱਲੋਂ ਸਾਂਝੀ ਰਸੋਈ ਪ੍ਰੋਜੈਕਟ 'ਚ 5,100 ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਆਸ਼ਿਕਾ ਜੈਨ ਦੀ ਅਗਵਾਈ ਹੇਠ ਸਫਲਤਾ ਪੂਰਵਕ ਚੱਲ ਰਿਹਾ ਹੈ। ਇਸ ਦਾ ਰੋਜਾਨਾ 450 ਤੋਂ 500 ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਨਕੋੜਾ ਪਾਸ਼ਰਵ ਭੈਰਵ ਪਰਿਵਾਰ ਵੱਲੋਂ ਭਗਵਾਨ ਮਹਾਵੀਰ ਨਿਰਵਾਣ



ਕਲਿਆਣਕ (ਦੀਵਾਲੀ) ਅਤੇ ਪੰਜਾਬ ਕੇਸਰੀ ਵਿਜੇ ਵੱਲਭ ਸੁਰੀਸ਼ਵਰ ਜੀ ਮਹਾਰਾਜ ਸਾਹਿਬ ਦੇ 156ਵੇਂ ਜਨਮ ਦਿਵਸ (ਭਾਈ ਦੂਜ) ਦੇ ਸ਼ੁਭ ਅਵਸਰ 'ਤੇ ਸਾਂਝੀ ਰਸੋਈ ਨੂੰ 5100 ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵੱਲੋਂ ਜਿਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

## ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਿਵਸ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਡਾ. ਬਲਬੀਰ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਿਵਸ (PMSMA) ਮਨਾਇਆ ਗਿਆ। ਇਹ ਕੈਂਪ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਜਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਜਿਵੇਂ ਕਿ ਪੀ.ਐਚ.ਸੀਜ਼, ਸੀ.ਐਚ.ਸੀਜ਼, ਸਬ-ਡਿਵਿਜ਼ਨਲ ਹਸਪਤਾਲਾਂ ਅਤੇ ਜ਼ਿਲ੍ਹਾ ਹਸਪਤਾਲ ਵਿਖੇ ਆਯੋਜਿਤ ਕੀਤੇ ਜਾਂਦੇ ਹਨ। ਛੁੱਟੀ ਦੇ ਮੌਕੇ 'ਤੇ ਇਹ ਕੈਂਪ ਅਗਲੇ ਦਿਨ ਲਗਾਏ ਜਾਂਦੇ ਹਨ। ਇਸ ਅਭਿਆਨ ਦਾ ਮੁੱਖ ਉਦੇਸ਼ ਗਰਭਵਤੀ ਔਰਤਾਂ ਨੂੰ ਜਣੇਪਾ ਪੂਰਵ ਦੇਖਭਾਲ



(ANC) ਸੇਵਾਵਾਂ, ਜਰੂਰੀ ਟੈਸਟਾਂ ਅਤੇ ਇਲਾਜ ਦੀ ਮੁਫ਼ਤ ਸਹੂਲਤ ਪ੍ਰਦਾਨ ਕਰਨਾ ਹੈ ਤਾਂ ਜੋ ਮਾਂ ਅਤੇ ਬੱਚੇ ਦੀ ਸਿਹਤ ਸੁਨਿਸ਼ਚਿਤ ਕੀਤੀ ਜਾ ਸਕੇ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਸਮੂਹ ਸਿਹਤ ਸੰਸਥਾਵਾਂ ਵਿੱਚ ਵਿਸ਼ੇਸ਼ ਤੌਰ 'ਤੇ ਮਹਿਲਾ ਰੋਗਾਂ ਦੇ ਮਾਹਰ, ਮੈਡੀਕਲ ਸਪੈਸ਼ਲਿਸਟ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ਼ ਦੀ ਟੀਮ ਵੱਲੋਂ ਗਰਭਵਤੀ ਔਰਤਾਂ ਦੀ ਪੂਰੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਅਭਿਆਨ ਤਹਿਤ ਦੂਸਰੀ ਅਤੇ ਤੀਜੀ ਤਿਮਾਹੀ ਦੀਆਂ ਸਾਰੀਆਂ ਗਰਭਵਤੀ ਔਰਤਾਂ ਦੀ ਘੱਟੋ-ਘੱਟ ਇੱਕ ਵਾਰ ਜਣੇਪਾ ਪੂਰਵ ਜਾਂਚ (ANC Check-up) ਸੁਨਿਸ਼ਚਿਤ ਕੀਤੀ ਜਾਂਦੀ ਹੈ।

for more news visit:
www.samajweekly.com

# ਡਾ.ਕੁਲਵਿੰਦਰ ਸਿੰਘ ਨੇ ਗ੍ਰੀਨ ਦਿਵਾਲੀ ਦੇ ਲਏ ਅਪਣੇ ਸੰਕਲਪ ਨੂੰ ਪੂਰਾ ਕੀਤਾ




**ਨਵਾਂਸ਼ਹਿਰ 24 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ )** ਆਲ ਇੰਡੀਆ ਹਿਊਮਨ ਰਾਈਟਸ ਕੌਂਸਿਲ ਦੇ ਨੈਸ਼ਨਲ ਪ੍ਰੈਜ਼ੀਡੈਂਟ ਆਸਾ ਸਿੰਘ ਆਜ਼ਾਦ ਅਤੇ ਲੀਗਲ ਸੈੱਲ ਚੇਅਰਮੈਨ ਪੰਜ਼ਾਬ ਐਡਵੋਕੇਟ ਵਿਸ਼ਾਲ ਸ਼ਰਮਾਂ ਦੀ ਪ੍ਰੇਰਣਾਂ ਨਾ.ਲ,ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜ਼ਾਬ ਬਲਾਕ ਰਾਹੋਂ ਦੇ ਪ੍ਰਧਾਨ ਡਾ.ਕੁਲਵਿੰਦਰ ਸਿੰਘ ਵਲੋਂ,ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਦੇ ਸਹਿਯੋਗ ਨਾ.ਲ,ਦਿਵਾਲੀ ਵਾ.ਲੇ ਦਿਨ,ਪਿੰਡ ਬੇ.ਗਮਪੁਰ (ਦਸ਼ਮੇਸ਼ ਨਗਰ) ਬੂਟੇ ਲਗਾਕੇ,ਗਰੀਨ ਦਿਵਾਲੀ ਮਨਾਉਣ ਦੇ ਲਏ ਅਪਣੇ ਸੰਕਲਪ ਨੂੰ ਪੂਰਾ ਕੀਤਾ ਗਿਆ, ਡਾ.ਕੁਲਵਿੰਦਰ ਸਿੰਘ ਨੇ ਕਿਹਾ ਸਾਨੂੰ ਪਹਿਲਾਂ ਹੀ ਖਦਸ਼ਾ ਸੀ ਕਿ ਦਿਵਾਲੀ ਮੌਕੇ ਚੱਲਣ ਵਾ.ਲੇ ਪਟਾਕੇ ਵਧੇਰੇ ਪ੍ਰਦੂਸ਼ਣ ਕਰਣਗੇ,ਪ੍ਰਦੂਸ਼ਣ ਕੰਟਰੋਲ ਬੋਰਡ ਨੇ ਆਪਣੀਂ ਰਿਪੋਰਟ ਵਿੱਚ ਦੱਸਿਆ ਕਿ ਵਧੇਰੇ ਪਟਾਕਿਆਂ ਦੇ ਚੱਲਣ ਕਾਰਣ ਪ੍ਰਦੂਸ਼ਣ ਦੀ ਮਾਤਰਾ ਨੂੰ ਮਾਪਣ ਵਾ.ਲੇ ਡਿਵਾਈਜ਼ ਹੀ ਕੰਮ ਕਰਨਾਂ ਬੰਦ ਕਰ ਗਏ,ਕਿਉਂਕਿ ਏਸ ਦਿਵਾਲੀ ਤੇ ਪ੍ਰਦੂਸ਼ਣ ਦੀ ਮਾਤਰਾ ਵਿੱਚ ਪਹਿਲਾਂ ਨਾਲੋਂ 4 ਗੁਣਾਂ ਹੋਰ ਵੀ ਜਿਆਦਾ ਵਾਧਾ ਹੋਇਆ ਹੈ ਡਾ.ਕੁਲਵਿੰਦਰ ਸਿੰਘ ਨੇ ਕਿਹਾ ਅਸੀਂ ਸਿਰਫ਼ ਵਾਤਾਵਰਨ ਦੀ ਸੰਭਾਲ ਲਈ ਕਿਸੇ ਨੂੰ ਸੁਝਾਅ ਦੇ ਸਕਦੇ ਹਾਂ ਕਿਸੇ ਨਾ.ਲ ਜਬਰਦਸਤੀ ਨਹੀਂ ਕਰ ਸਕਦੇ,ਦਿਵਾਲੀ ਵਰਗੇ ਮੁੱਖ ਅਤੇ ਪਵਿੱਤਰ ਤਿਉਹਾਰ ਨੂੰ ਬਿਨਾਂ ਪਟਾਕਿਆਂ ਦੇ ਵੀ ਮਨਾਇਆ ਜਾ ਸਕਦਾ ਹੈ,ਜਾਂ ਫ਼ਿਰ ਸਾਨੂੰ ਨਵੇਂ ਤਰੀਕੇ ਦੇ ਪਟਾਕਿਆਂ ਦੀ ਕਾਢ ਕੱਢਣ ਦੀ ਲੋੜ ਹੈ,ਜੋ ਆਵਾਜ਼ ਤਾਂ ਕਰਨ ਪਰ ਪ੍ਰਦੂਸ਼ਣ ਨਾ ਕਰਨ,ਅਸੀਂ ਆਉਣ ਵਾਲੀਆਂ ਨਸਲਾਂ ਲਈ ਰਹਿਣ ਯੋਗ ਮਿੱਟੀ ਪੌਣ ਪਾਣੀ ਸੰਭਾਲਕੇ ਰੱਖੀਏ,ਇਹ ਸਾਡਾ ਫਰਜ਼ ਹੈ, ਇਸ ਲਈ ਕੋਸ਼ਿਸ਼ ਕਰੋ ਹਰ ਇੱਕ ਖੁਸ਼ੀ ਦਿਨ ਤਿਉਹਾਰ ਤੇ ਘੱਟ ਤੋ ਘੱਟ ਇੱਕ ਰੁੱਖ ਜ਼ਰੂਰ ਲਗਾਇਆ ਜਾਵੇ,

ਇਸ ਮੌਕੇ ਸੋਹਿਤ ਕੁਮਾਰ,ਸੁਮਨ ਕੁਮਾਰੀ ਅਵਿਨਾਸ਼ ਕੁਮਾਰ,ਪਾਇਲ ਕੁਮਾਰੀ,ਸ਼ਰੁਤੀ ਕੁਮਾਰੀ,ਹਿਮਾਂਸ਼ੂ ਆਦਿ ਹਾਜ਼ਿਰ ਸਨ।

for more news visit:
www.samajweekly.com

# ਐਡੀਲੇਡ ਗੁਰਦੁਆਰਾ ਗੁਰੂ ਨਾਨਕ ਦਰਬਾਰ ਐਲਨਬੀ ਗਾਰਡਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੰਦੀਛੋੜ ਦਿਵਸ ਮਨਾਇਆ ਗਿਆ

**ਐਡੀਲੇਡ, 24 ਅਕਤੂਬਰ (ਹਰਜਿੰਦਰ ਪਾਲ ਛਾਬੜਾ)** ਵਿਖੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਐਲੈਨਬੀ ਗਾਰਡਨ ਦੀ ਪ੍ਰਬੰਧਕ ਕਮੇਟੀ ਵੱਲੋਂ 20 ਅਕਤੂਬਰ 2025 ਨੂੰ ਬੰਦੀਛੋੜ ਦਿਵਸ ਮਨਾਇਆ ਗਿਆ ਜਿਸ ਵਿੱਚ ਉਚੇਚੇ ਤੌਰ ਤੇ ਪਹੁੰਚੇ ਪ੍ਰਸਿੱਧ ਵੀਚਾਰਵਾਨ ਗਿਆਨੀ ਹਰਜੀਤ ਸਿੰਘ ਜੀ ਗੁਰਸੰਗੀ ਤਰਨ ਤਾਰਨ ਵੱਲੋਂ ਸੰਗਤਾਂ ਨੂੰ ਕਥਾ ਵੀਚਾਰਾਂ ਦੇ



ਰਾਹੀਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲੇ ਨਾਲ ਸਬੰਧਤ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਭਰੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਗੁਰਸੰਗੀ ਜੀ ਨੂੰ ਸਨਮਾਨ ਭੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰ ਮਨਪ੍ਰੀਤ ਸਿੰਘ



ਇੰਚਾਰਜ। ਰਾਗੀ ਜਥੇ। ਹੋਰ ਪਤਵੰਤੇ ਮੌਜੂਦ ਸਨ।

# ਸੱਚਦੇਵਾ ਸਟਾਕਸ ਡਾਇਮੰਡ ਆਫ਼ ਨਾਲੇਜ ਸੀਜ਼ਨ 4 ਵਿੱਚ ਨੌਜਵਾਨਾਂ ਨੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ !

## ਦੋਵਾਂ ਸ਼੍ਰੇਣੀਆਂ ਦੇ ਜੇਤੂਆਂ ਨੂੰ ਨਕਦ ਇਨਾਮ ਦਿੱਤੇ ਗਏ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਨੌਜਵਾਨਾਂ ਨੂੰ ਪੰਜਾਬ ਦੇ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ, ਪਰਿਵਾਰ ਨਾਲ ਸਮਾਂ ਬਿਤਾਉਣ ਅਤੇ ਬਜ਼ੁਰਗਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਨ ਲਈ, ਬੱਲ ਬੱਲ ਸੇਵਾ ਸੁਸਾਇਟੀ ਨੇ ਸੁਸਾਇਟੀ ਦੇ ਪ੍ਰਧਾਨ ਹਰਕ੍ਰਿਸ਼ਨ ਕਜਲਾ ਦੀ ਅਗਵਾਈ ਹੇਠ, ਸੱਚਦੇਵਾ ਸਟਾਕਸ ਡਾਇਮੰਡ ਆਫ਼ ਨਾਲੇਜ ਸੀਜ਼ਨ 4 ਦੇ ਸਮਾਪਤੀ 'ਤੇ ਜੇਤੂਆਂ ਨੂੰ ਨਕਦ ਇਨਾਮ ਵੰਡੇ। ਸੱਚਦੇਵਾ ਸਟਾਕਸ ਦੇ ਐਮਡੀ ਪਰਮਜੀਤ ਸਿੰਘ ਸਚਦੇਵਾ, 60 ਭਾਗੀਦਾਰਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ ਮੌਜੂਦ ਸਨ। 2 ਮਹੀਨੇ ਤੱਕ ਚੱਲੇ ਇਸ ਔਨਲਾਈਨ ਮੁਕਾਬਲੇ ਵਿੱਚ ਕੁੱਲ 1188 ਨੌਜਵਾਨਾਂ ਨੇ ਹਿੱਸਾ ਲਿਆ ਅਤੇ ਇਸਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਸੀ, ਇੱਕ ਸ਼੍ਰੇਣੀ ਵਿੱਚ 16 ਸਾਲ ਤੱਕ ਦੇ ਬੱਚੇ ਸ਼ਾਮਲ ਸਨ ਅਤੇ ਦੂਜੀ ਸ਼੍ਰੇਣੀ ਵਿੱਚ 16-30 ਸਾਲ ਦੀ ਉਮਰ ਦੇ ਨੌਜਵਾਨ ਸ਼ਾਮਲ ਸਨ। ਇਨ੍ਹਾਂ ਭਾਗੀਦਾਰਾਂ ਨੂੰ ਪੰਜਾਬੀ ਵਿਰਾਸਤ ਨਾਲ ਸਬੰਧਤ ਸਵਾਲ ਸਵੇਰੇ ਜਲਦੀ ਉੱਠਣ, ਬਜ਼ੁਰਗਾਂ ਦਾ ਸਤਿਕਾਰ ਕਰਨ ਅਤੇ ਮੋਬਾਈਲ ਫੋਨ ਛੱਡਣ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਰੋਜ਼ਾਨਾ ਔਨਲਾਈਨ ਅੰਕ ਦਿੱਤੇ ਗਏ। ਇਸ ਵਿੱਚ 10 ਜੱਜਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੁਕਾਬਲੇ ਦੇ ਅੰਤ ਵਿੱਚ, 60 ਭਾਗੀਦਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਅਤੇ ਉਨ੍ਹਾਂ ਦਾ ਮੁਕਾਬਲਾ ਅੱਜ ਸਚਦੇਵਾ ਸਟਾਕਸ ਦੇ ਮੁੱਖ ਦਫਤਰ ਵਿਖੇ ਆਯੋਜਿਤ ਕੀਤਾ ਗਿਆ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਨਕਦ ਇਨਾਮ ਵੰਡੇ ਗਏ। 16 ਤੋਂ 30 ਸਾਲ ਦੀ ਉਮਰ ਵਰਗ ਵਿੱਚ, ਤਾਨੀਆ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ 21000 ਰੁਪਏ ਪ੍ਰਾਪਤ ਕੀਤੇ, ਵਵਲੀਨ ਭਾਟੀਆ ਨੇ 11000 ਰੁਪਏ ਨਾਲ ਦੂਜੇ ਸਥਾਨ 'ਤੇ ਆਇਆ, ਅਤੇ ਇੰਦਰਪ੍ਰੀਤ ਸਿੰਘ ਨੇ 5100 ਰੁਪਏ ਨਕਦ ਪ੍ਰਾਪਤ ਕੀਤੇ। ਇਨਾਮ ਦਿੱਤੇ ਗਏ, ਇਸੇ ਤਰ੍ਹਾਂ 16 ਸਾਲ ਤੱਕ ਦੀ ਸ਼੍ਰੇਣੀ ਵਿੱਚ, ਹਰਮਨਤ ਕੌਰ ਨੂੰ 11000 ਰੁਪਏ, ਕਿਨਸ਼ੁਕ ਸੰਦਲ ਨੂੰ 5100 ਰੁਪਏ, ਅਵੰਤਿਕਾ ਠਾਕੁਰ ਨੂੰ 3100 ਰੁਪਏ ਇਨਾਮ ਵਜੋਂ ਦਿੱਤੇ ਗਏ। ਸੁਸਾਇਟੀ ਦੇ ਪ੍ਰਧਾਨ ਹਰਕ੍ਰਿਸ਼ਨ ਕਾਜਲਾ ਨੇ ਜੇਤੂ ਪ੍ਰਤੀਯੋਗੀਆਂ ਨੂੰ ਵਧਾਈ ਦਿੱਤੀ, ਇਸ ਮੌਕੇ ਕਰਮਜੀਤ ਕੌਰ ਚੇਅਰਪਰਸਨ ਜ਼ਿਲ੍ਹਾ ਯੋਜਨਾ ਬੋਰਡ, ਸੰਦੀਪ ਸੈਣੀ,ਇਸ ਮੁਕਾਬਲੇ ਨੂੰ ਸਫ਼ਲ ਬਣਾਉਣ ਵਿੱਚ ਸੰਦੀਪ ਸ਼ਰਮਾ ਜੇਮਸ ਕੈਂਬਰਿਜ, ਰਜਨੀਸ਼ ਰੀਆ ਅਜੋਵਾਲ ਸਕੂਲ, ਪ੍ਰੀਤੀ ਸ਼ਰਮਾ ਦਿੱਲੀ ਇੰਟਰਨੈਸ਼ਨਲ, ਸੁਰਭੀ ਦਿੱਲੀ ਇੰਟਰਨੈਸ਼ਨਲ, ਸਪਨਾ ਸ਼ਰਮਾ ਦਿੱਲੀ ਇੰਟਰਨੈਸ਼ਨਲ, ਵਰੁਣਾ ਸ਼ਰਮਾ, ਸ਼ਸ਼ੀ ਗੌਤਮ ਐਸਡੀ ਸਕੂਲ ਗਰਲਜ਼, ਸਵਿਤਾ ਕਲਿਆਣ ਫਤਿਹਪੁਰ ਭੱਠਲਾਂ, ਭੁਪਿੰਦਰ ਕੌਰ ਐਸਡੀ ਸਕੂਲ ਗਰਲਜ਼, ਸੁਰਿੰਦਰ ਕੌਰ ਫਤਿਹਪੁਰ ਭੱਠਲਾਂ ਨੇ ਯੋਗਦਾਨ ਪਾਇਆ।

**ਫੋਟੋ ਅਜਮੇਰ ਦੀਵਾਨਾ**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਣੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA) ... (HYDROCELE) ... (GONORRHOEA) ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69

ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89

ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69

ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69

ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69

ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49

ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59

ਨੁਸਖਾ ਨੰਬਰ 8 (IN CAPSULES) ... £59

ਨੁਸਖਾ ਨੰਬਰ 9 (IN CAPSULES) ... £59

ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59

ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89

ਨੁਸਖਾ ਨੰਬਰ 13 (IN VIALS) ... £89

ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis) ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਸੋਨੇ ਦੀਆਂ ਕੀਮਤਾਂ ਅਸਮਾਨ 'ਤੇ, ਆਮ ਆਦਮੀ ਦੇ ਸੁਪਨੇ ਜ਼ਮੀਨ 'ਤੇ

ਭਾਰਤ ਵਿੱਚ ਸੋਨਾ ਸਿਰਫ਼ ਇੱਕ ਕੀਮਤੀ ਧਾਤੂ ਨਹੀਂ, ਸਗੋਂ ਇਹ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਪੱਖੋਂ ਵੀ ਬਹੁਤ ਮਹੱਤਵਪੂਰਨ ਹੈ। ਇਹ ਭਾਰਤੀ ਅਰਥਵਿਵਸਥਾ ਦਾ ਇੱਕ ਅਹਿਮ ਹਿੱਸਾ ਹੈ ਅਤੇ ਸਮਾਜਿਕ ਮਾਣ-ਮਰਯਾਦਾ, ਨਿਵੇਸ਼ ਅਤੇ ਸੁਰੱਖਿਆ ਦਾ ਇੱਕ ਪ੍ਰਮੁੱਖ ਸਾਧਨ ਵੀ ਹੈ। ਭਾਰਤੀ ਸਮਾਜ ਵਿੱਚ ਵਿਆਹ-ਸ਼ਾਦੀ, ਤਿਉਹਾਰਾਂ ਅਤੇ ਧਾਰਮਿਕ ਕਰਮਕਾਂਡਾਂ ਵਿੱਚ ਸੋਨੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪਿਛਲੇ ਕੁਝ ਸਾਲਾਂ ਵਿੱਚ, ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧੂ ਹੋਈ ਹੈ, ਜਿਸਦਾ ਪ੍ਰਭਾਵ ਦੇਸ਼ ਦੀ ਆਰਥਿਕ ਅਤੇ ਸਮਾਜਿਕ ਤਸਵੀਰ 'ਤੇ ਡੂੰਘਾ ਪਿਆ ਹੈ। ਅੱਜ ਸੋਨੇ ਦੀਆਂ ਕੀਮਤਾਂ ਵਿੱਚ ਵਾਧੂ ਦਾ ਸਭ ਤੋਂ ਵੱਡਾ ਅਸਰ ਆਮ ਆਦਮੀ 'ਤੇ ਪੈ ਰਿਹਾ ਹੈ। ਭਾਰਤ ਵਿੱਚ ਸੋਨਾ ਸਿਰਫ਼ ਨਿਵੇਸ਼ ਦਾ ਮਾਧਿਅਮ ਨਹੀਂ, ਸਗੋਂ ਇਹ ਸਮਾਜਿਕ ਅਤੇ ਪਰਿਵਾਰਕ ਵਿਰ-ਾਸਤ ਦਾ ਵੀ ਹਿੱਸਾ ਹੈ। ਜਦੋਂ ਸੋਨੇ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਮੱਧਮ ਅਤੇ ਨੀਵੇਂ ਵਰਗ ਦੇ ਪਰਿਵਾਰਾਂ ਲਈ ਇਸਨੂੰ ਖਰੀਦਣਾ ਔਖਾ ਹੋ ਜਾਂਦਾ ਹੈ। ਖਾਸ ਤੌਰ 'ਤੇ ਪਿੰਡਾਂ ਵਿੱਚ, ਜਿੱਥੇ ਲੋਕ ਆਪਣੀ ਬਚਤ ਨੂੰ ਸੋਨੇ ਵਿੱਚ ਨਿਵੇਸ਼ ਕਰਨਾ ਪਸੰਦ ਕਰਦੇ ਹਨ, ਉੱਥੇ ਇਸ ਦੀ ਕੀਮਤ ਵੱਧਣ ਨਾਲ ਆਰਥਿਕ ਅਸਮਤੁਲਤਾ ਪੈਦਾ ਹੋ ਸਕਦੀ ਹੈ। ਸੋਨੇ ਦੀਆਂ ਉੱਚੀਆਂ ਕੀਮਤਾਂ ਦੇ ਕਾਰਨ ਗਹਿਣੇ ਉਦਯੋਗ ਪ੍ਰਭਾਵਿਤ ਹੋ ਰਿਹਾ ਹੈ, ਜਿਸ ਕਰਕੇ ਛੋਟੇ ਕਾਰੋਬਾਰੀਆਂ ਅਤੇ ਕਰਿਗਰਾਂ ਦੀ ਰੋਜ਼ੀ-ਰੋਟੀ 'ਤੇ ਅਸਰ ਪੈ ਰਿਹਾ ਹੈ। ਜੇ ਆਮ ਲੋਕ ਸੋਨਾ ਖਰੀਦਣ ਵਿੱਚ ਅਸਮਰਥ ਹੋ ਜਾਂਦੇ ਹਨ, ਤਾਂ ਜਵੇਲਰੀ ਬਾਜ਼ਾਰ ਵਿੱਚ ਮੰਦੀ ਆਵੇਗੀ, ਜਿਸ ਕਰਕੇ ਇਸ ਖੇਤਰ ਵਿੱਚ ਨੌਕਰੀਆਂ ਦੀ ਗਿਣਤੀ ਵੀ ਘਟ ਸਕਦੀ ਹੈ। ਇਸਦੇ ਇਲਾਵਾ, ਨਕਲੀ ਸੋਨੇ ਦੀ ਖਰੀਦ-ਫ਼ਰੋਕਤ ਵਿੱਚ ਵੀ ਵਾਧੂ ਹੋ ਸਕਦੀ ਹੈ, ਜਿਸ ਕਰਕੇ ਉਪਭੋਗਤਾਵਾਂ ਨੂੰ ਧੋਖਾਧੜੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸੋਨੇ ਦੀਆਂ ਕੀਮਤਾਂ ਵਧਣ ਨਾਲ ਬਾਜ਼ਾਰ 'ਤੇ ਵੀ ਵਿਅਪਕ ਪ੍ਰਭਾਵ ਪੈਂਦਾ ਹੈ। ਜਦੋਂ ਸੋਨੇ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਉਪਭੋਗਤਾਵਾਂ ਦੀ ਖਰੀਦਣ ਦੀ ਸਮਰਥਾ ਘੱਟ ਜਾਂਦੀ ਹੈ, ਜਿਸ ਕਾਰਣ ਸ਼ੇਅਰ ਬਾਜ਼ਾਰ 'ਤੇ ਵੀ ਅਸਥਿਰਤਾ ਆਉਂਦੀ ਹੈ। ਨਿਵੇਸ਼ਕ ਸੋਨੇ ਨੂੰ ਇੱਕ ਸੁਰੱਖਿਅਤ ਵਿਕਲਪ ਮੰਨਦੇ ਹਨ ਅਤੇ ਸ਼ੇਅਰ ਬਾਜ਼ਾਰ ਵਿੱਚੋਂ ਪੈਸਾ ਕੱਢ ਲੈਂਦੇ ਹਨ, ਜਿਸ ਨਾਲ ਬਾਜ਼ਾਰ ਵਿੱਚ ਉਲਟ-ਫੇਰ ਦੇਖਣ ਨੂੰ ਮਿਲਦਾ ਹੈ। ਸੋਨੇ ਦੀਆਂ ਵਧਦੀਆਂ ਕੀਮਤਾਂ ਕਾਰਣ ਬੈਂਕਾਂ ਅਤੇ ਆਰਥਿਕ ਸੰਸਥਾਵਾਂ ਨੂੰ ਵੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਮ ਤੌਰ 'ਤੇ, ਜਦੋਂ ਸੋਨੇ 'ਤੇ ਲੋਨ ਦੀ ਮੰਗ ਵਧਦੀ ਹੈ, ਤਾਂ ਵਿੱਤੀ ਸੰਸਥਾਵਾਂ 'ਤੇ ਵੀ ਦਬਾਅ ਪੈਂਦਾ ਹੈ। ਇਸਦੇ ਇਲਾਵਾ, ਔਰਤਾਂ ਲਈ ਵੀ ਸੋਨਾ ਇੱਕ ਮਹੱਤਵਪੂਰਨ ਆਰਥਿਕ ਸੁਰੱਖਿਆ ਦਾ ਸਾਧਨ ਹੁੰਦਾ ਹੈ। ਜਦੋਂ ਇਸ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਇਹ ਸੁਰੱਖਿਆ ਕਮਜ਼ੋਰ ਹੋ ਸਕਦੀ ਹੈ, ਕਿਉਂਕਿ ਲੋਕ ਇਸਨੂੰ ਖਰੀਦਣ ਤੋਂ ਕਤਰਾਉਂਦੇ ਹਨ। ਇਸ ਕਰਕੇ, ਸੋਨੇ ਦੀਆਂ ਵਧਦੀਆਂ ਕੀਮਤਾਂ ਆਮ ਆਦਮੀ ਦੀ ਖਰੀਦਣ ਦੀ ਸਮਰਥਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਜੇ ਲੋਕਾਂ ਨੂੰ ਆਪਣੇ ਬਜਟ ਵਿੱਚ ਵਾਧੂ ਖ਼ਰਚ ਕਰਕੇ ਸੋਨਾ ਖਰੀਦਣਾ ਪਏ, ਤਾਂ ਉਹਨਾਂ ਦੀ ਬਚਤ ਘੱਟ ਹੋਣ ਦੀ ਸੰਭਾਵਨਾ ਹੁੰਦੀ ਹੈ, ਜਿਸ ਕਰਕੇ ਹੋਰ ਜ਼ਰੂਰੀ ਖ਼ਰਚਿਆਂ ਵਿੱਚ ਵੀ ਕਟੌਤੀ ਕਰਨੀ ਪੈ ਸਕਦੀ ਹੈ। ਇਹ ਹਾਲਤ ਖ਼ਾਸ ਕਰਕੇ ਮੱਧਮ ਵਰਗ ਲਈ ਚੁਣੌਤੀਪੂਰਨ ਹੋ ਸਕਦੀ ਹੈ।

ਸੋਨੇ ਦੀਆਂ ਕੀਮਤਾਂ ਵਿੱਚ ਵਾਧੂ ਦੇ ਬਹੁਤੇ ਕਾਰਨ ਹੁੰਦੇ ਹਨ, ਜਿਵੇਂ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਅਸਥਿਰਤਾ, ਵਿਸ਼ਵ ਆਰਥਿਕ ਮੰਦੀ, ਮੁਦਰਾ ਦੀ ਐਕਸਚੇਂਜ ਦਰ ਵਿੱਚ ਬਦਲਾਅ, ਮਹਿੰਗਾਈ, ਵਿਆਜ ਦਰਾਂ ਵਿੱਚ ਉਤਾਰ-ਚੜ੍ਹਾਵ ਅਤੇ ਸਰਕਾਰੀ ਨੀਤੀਆਂ। ਜਦੋਂ ਵਿਸ਼ਵ ਬਾਜ਼ਾਰ ਵਿੱਚ ਆਰਥਿਕ ਸੰਕਟ ਆਉਂਦਾ ਹੈ, ਤਾਂ ਨਿਵੇਸ਼ਕ ਆਪਣੇ ਪੈਸੇ ਨੂੰ ਸੁਰੱਖਿਅਤ ਰੱਖਣ ਲਈ ਸੋਨੇ ਵਿੱਚ ਨਿਵੇਸ਼ ਕਰਦੇ ਹਨ, ਜਿਸ ਕਰਕੇ ਇਸ ਦੀ ਮੰਗ ਅਤੇ ਕੀਮਤ ਵਧ ਜਾਂਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਭੂ-ਆਰਥਿਕ ਤਣਾਅ ਵੀ ਸੋਨੇ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦੇ ਹਨ। ਯੁੱਧ, ਵਪਾਰਕ ਵਿਵਾਦ ਅਤੇ ਵਿਸ਼ਵ ਆਰਥਿਕ ਮੰਦੀ ਦੇ ਸਮੇਂ ਸੋਨੇ ਦੀਆਂ ਕੀਮਤਾਂ ਵਿੱਚ ਉਛਾਲ ਆ ਜਾਂਦੀ ਹੈ। ਭਾਰਤ ਵਿੱਚ ਜਦੋਂ ਰੁਪਏ ਦੀ ਕੀਮਤ ਘੱਟ ਹੁੰਦੀ ਹੈ, ਤਾਂ ਸੋਨੇ ਦੀ ਆਯਾਤ ਲਾਗਤ ਵੱਧ ਜਾਂਦੀ ਹੈ, ਜਿਸ ਕਰਕੇ ਇਸ ਦੀ ਕੀਮਤ ਘਰੇਲੂ ਬਾਜ਼ਾਰ ਵਿੱਚ ਵੀ ਵੱਧ ਜਾਂਦੀ ਹੈ। ਸੋਨੇ ਦੀਆਂ ਕੀਮਤਾਂ ਵਿੱਚ ਵਾਧੂ ਦਾ ਭਾਰਤੀ ਆਰਥਿਕਤਾ 'ਤੇ ਮਿਲ਼ਾ-ਜੁਲਾ ਪ੍ਰਭਾਵ ਪੈਂਦਾ ਹੈ। ਇਕ ਪਾਸੇ, ਇਹ ਨਿਵੇਸ਼ਕਾਂ ਅਤੇ ਨਿਰਯਾਤਕਾਂ ਲਈ ਲਾਭਕਾਰੀ ਹੋ ਸਕਦਾ ਹੈ, ਜਦਕਿ ਦੂਜੇ ਪਾਸੇ, ਇਹ ਆਯਾਤਕਾਂ ਅਤੇ ਉਪਭੋਗਤਾਵਾਂ ਲਈ ਚੁਣੌਤੀਆਂ ਪੈਦਾ ਕਰਦਾ ਹੈ। ਭਾਰਤ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਸੋਨੇ ਦਾ ਉਪਭੋਗਤਾ ਦੇਸ਼ ਹੈ ਅਤੇ ਇੱਥੇ ਜ਼ਿਆਦਾਤਰ ਸੋਨੇ ਦੀ ਲੋੜ ਆਯਾਤ ਰਾਹੀਂ ਪੂਰੀ ਕੀਤੀ ਜਾਂਦੀ ਹੈ। ਜਦੋਂ ਸੋਨੇ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਆਯਾਤ ਬਿੱਲ ਵੀ ਵਧਦਾ ਹੈ, ਜਿਸ ਕਰਕੇ ਵਪਾਰ ਘਾਟ ਵੱਧ ਸਕਦਾ ਹੈ।

ਸੋਨੇ ਦੀਆਂ ਕੀਮਤਾਂ ਵਿੱਚ ਅਸਥਿਰਤਾ ਨੂੰ ਨਿਯੰਤਰਤ ਕਰਨ ਲਈ ਸਰਕਾਰ ਨੂੰ ਢੁਕਵੀਆਂ ਨੀਤੀਆਂ ਅਪਣਾਉਣ ਦੀ ਲੋੜ ਹੈ। ਸੋਨੇ ਦੀ ਆਯਾਤ ਨੂੰ ਸੰਤੁਲਿਤ ਕਰਨ ਲਈ ਸਰਕਾਰ ਨੂੰ ਦੇਸੀ ਉਤਪਾਦਨ ਨੂੰ ਪ੍ਰੋਤਸਾਹਨ ਦੇਣਾ ਚਾਹੀਦਾ ਹੈ। ਭਾਰਤ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਵਾਧੂ ਦਾ ਪ੍ਰਭਾਵ ਬਹੁਪੱਖੀ ਹੈ। ਇਹ ਨਿਵੇਸ਼ਕਾਂ ਅਤੇ ਨਿਰਯਾਤਕਾਂ ਲਈ ਫ਼ਾਇਦੇਮੰਦ ਹੋ ਸਕਦਾ ਹੈ, ਪਰ ਆਮ ਜਨਤਾ, ਆਯਾਤਕਾਂ ਅਤੇ ਸਰਕਾਰ ਲਈ ਚੁਣੌਤੀਆਂ ਪੈਦਾ ਕਰ ਸਕਦਾ ਹੈ। ਇਸ ਲਈ, ਸਰਕਾਰ ਨੂੰ ਸੰਤੁਲਿਤ ਆਰਥਿਕ ਨੀਤੀਆਂ ਅਪਣਾਕੇ ਸੋਨੇ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਕਰਨਾ ਚਾਹੀਦਾ ਹੈ।



ਮੁਨੀਸ਼ ਭਾਟੀਆ
(MUNISH BHATIA)
5376, ਐਰੋਸਿਟੀ,
ਮੋਹਾਲੀ(MOHALI)
7027120349

# ਕਲਾ ਦਾ ਧਾਰਨੀ: ਅਭਿਨਵ ਸ਼ਰਮਾ









ਕਲਾ ਮਨੁੱਖੀ ਰੂਹ ਦੀ ਆਵਾਜ਼ ਹੈ — ਉਹ ਮਾਧਿਅਮ ਜਿਸ ਰਾਹੀਂ ਮਨੁੱਖ ਆਪਣੇ ਅੰਦਰਲੇ ਭਾਵਾਂ, ਵਿਚਾਰਾਂ ਅਤੇ ਕਲਪਨਾਵਾਂ ਨੂੰ ਰੰਗਾਂ ਦੇ ਜ਼ਰੀਏ ਜਗਤ ਸਾਹਮਣੇ ਰੱਖਦਾ ਹੈ। ਕਿਸੇ ਵੀ ਕਲਾ ਦਾ ਧਨੀ ਬਣਨ ਲਈ ਜਿੱਥੇ ਮਨੁੱਖੀ ਲਗਨ ਅਤੇ ਮਿਹਨਤ ਦੀ ਲੋੜ ਹੁੰਦੀ ਹੈ, ਉੱਥੇ ਪ੍ਰਮਾਤਮਾ ਦੀ ਬਖ਼ਸ਼ਿਸ਼ ਵੀ ਲਾਜ਼ਮੀ ਹੈ। ਇਹੀ ਕਲਾ ਸਾਨੂੰ ਸਾਡੇ ਵਿਰਸੇ ਨਾਲ ਜੋੜਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੀਮਤੀ ਵਿਰਾਸਤ ਦੇ ਕੇ ਜਾਂਦੀ ਹੈ। ਭਾਰਤ ਦੀ ਧਰਤੀ ਮੂਲੋਂ ਹੀ ਕਲਾਕਾਰਾਂ ਦੀ ਧਰਤੀ ਰਹੀ ਹੈ। ਇੱਥੇ ਗੁਰੂਆਂ, ਪੀਰਾਂ ਅਤੇ ਸੂਰਬੀਰਾਂ ਦੀਆਂ ਕਹਾਣੀਆਂ ਨੂੰ ਚਿਤਰਕਲਾ ਰਾਹੀਂ ਦਰਸਾਉਣ ਦੀ ਪਰੰਪਰਾ ਆਦਿ ਕਾਲ ਤੋਂ ਚਲਦੀ ਆ ਰਹੀ ਹੈ। ਜਦੋਂ ਅਜਿਹੀ ਕਲਾ ਕਿਸੇ ਬਾਲਕ ਵਿੱਚ ਜਨਮਜਾਤ ਹੁੰਦੀ ਹੈ, ਤਾਂ ਉਹ ਸਮਾਜ ਲਈ ਇੱਕ ਪ੍ਰੇਰਣਾ ਬਣ ਜਾਂਦਾ ਹੈ। ਇਹੋ ਜਿਹੀ ਪ੍ਰੇਰਣਾਦਾਇਕ ਉਦਾਹਰਣ ਸ੍ਰੀ ਮੁਕਤਸਰ ਸਾਹਿਬ ਦੇ ਬਾਵਾ ਕਲੋਨੀ ਨਿਵਾਸੀ **ਅਭਿਨਵ ਸ਼ਰਮਾ** ਦੇ ਰੂਪ ਵਿੱਚ ਸਾਹਮਣੇ ਆਈ ਹੈ। ਸ੍ਰੀ ਪ੍ਰਵੀਨ ਸ਼ਰਮਾ (ਲੈਕਚਰਰ, ਇਕਨਾਮਿਕਸ) ਦੇ ਪੁੱਤਰ ਅਭਿਨਵ ਨੇ ਬਿਨਾਂ ਕਿਸੇ ਵਿਸ਼ੇਸ਼ ਸਿੱਖਿਆ ਦੇ ਚਿਤਰਕਾਰੀ ਵਿੱਚ ਕਮਾਲ ਕਰ ਦਿਖਾਇਆ ਹੈ। ਚਾਰ ਸਾਲ ਦੀ ਉਮਰ ਤੋਂ ਹੀ ਰੰਗਾਂ ਨਾਲ ਪਿਆਰ ਕਰਨ ਵਾਲਾ ਇਹ ਬੱਚਾ ਅੱਜ ਆਪਣੀ ਕਲਾ ਰਾਹੀਂ ਸਭ ਦਾ ਮਨ ਮੋਹ ਰਿਹਾ ਹੈ। ਲਿਟਲ ਫਲਾਵਰ ਸਕੂਲ ਦਾ ਸੱਤਵੀਂ ਜਮਾਤ ਦਾ ਇਹ ਵਿਦਿਆਰਥੀ ਹੁਣ ਤੱਕ ਸੈਂਕੜੇ ਪੇਂਟਿੰਗ ਤਿਆਰ ਕਰ ਚੁੱਕਾ ਹੈ। ਕੇਵਲ ਚਿਤਰਕਾਰੀ ਹੀ ਨਹੀਂ, ਅਭਿਨਵ ਨੇ **ਕੇਦਾਰਨਾਥ ਮੰਦਰ, ਸ੍ਰੀ ਹਰਿਮੰਦਰ ਸਾਹਿਬ, ਵੈਸ਼ਨੋ ਦੇਵੀ ਮੰਦਰ** ਵਰਗੇ ਮਾਡਲ ਬਣਾ ਕੇ ਵੀ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਅਭਿਨਵ ਦੀ ਮਾਂ **ਸ੍ਰੀਮਤੀ ਪੂਨਮ ਸ਼ਰਮਾ**, ਜੋ ਕਿ ਲਿਟਲ ਫਲਾਵਰ ਕਾਨਵੈਂਟ ਸਕੂਲ ਵਿੱਚ ਅਧਿਆਪਕਾ ਹਨ, ਹਮੇਸ਼ਾ ਆਪਣੇ ਪੁੱਤਰ ਨੂੰ ਉਤਸ਼ਾਹਿਤ ਕਰਦੀਆਂ ਹਨ। ਉਸਦੀ ਵੱਡੀ ਭੈਣ **ਪਲਕ ਸ਼ਰਮਾ**, ਜੋ ਉਚੇਰੀ ਪੜ੍ਹਾਈ ਲਈ ਆਸਟ੍ਰੇਲੀਆ ਗਈ ਹੋਈ ਹੈ, ਵੀ ਆਪਣੇ ਵੀਰ ਦੀ ਹੌਸਲਾ ਅਫ਼ਜ਼ਾਈ ਕਰਦੀ ਰਹਿੰਦੀ ਹੈ।

ਅਭਿਨਵ ਦੇ ਪਰਿਵਾਰ ਦਾ ਧਾਰਮਿਕ ਤੇ ਸੰਗੀਤਮਈ ਮਾਹੌਲ ਇਸਦੀ ਕਲਾ ਨੂੰ ਹੋਰ ਨਿਖਾਰ ਦੇ ਰਿਹਾ ਹੈ।

ਅਭਿਨਵ ਦੀ ਦਾਦੀ ਜੀ, ਜੋ ਕਿ ਧਾਰਮਿਕ ਵਿਚਾਰਾਂ ਵਾਲੀ ਸ਼ਖ਼ਸੀਅਤ ਹਨ, ਉਨ੍ਹਾਂ ਦੀ ਸੋਚ ਦਾ ਵੀ ਇਸ ਨੌਜਵਾਨ ਕਲਾਕਾਰ ਦੇ ਮਨ ਉੱਤੇ ਡੂੰਘਾ ਪ੍ਰਭਾਵ ਹੈ।

ਪ੍ਰਮਾਤਮਾ ਕਰੇ ਕਿ ਇਹ ਛੋਟਾ ਕਲਾਕਾਰ ਆਪਣੀ ਕਲਾ ਰਾਹੀਂ ਨਾ ਸਿਰਫ਼ ਸ੍ਰੀ ਮੁਕਤਸਰ ਸਾਹਿਬ ਦਾ ਨਾਮ ਰੋਸ਼ਨ ਕਰੇ, ਸਗੋਂ ਪੂਰੇ ਪੰਜਾਬ ਅਤੇ ਦੇਸ਼ ਦੀ ਸ਼ਾਨ ਬਣੇ। ਇਹ ਨੌਜਵਾਨ ਸੱਚਮੁੱਚ **ਕਲਾ ਦਾ ਅਸਲੀ ਧਾਰਨੀ** ਹੈ

for more news visit:
www.samajweekly.com

# ਭਾਈ ਮਰਦਾਨਾ ਜੀ: ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ

ਭਾਈ ਮਰਦਾਨਾ ਜੀ ਸਿੱਖ ਇਤਿਹਾਸ ਦੀ ਇੱਕ ਅਜਿਹੀ ਅਜ਼ੀਮ ਸ਼ਖਸੀਅਤ ਹਨ, ਜਿਨ੍ਹਾਂ ਦੀ ਜੀਵਨ-ਕਹਾਣੀ ਸਮਰਪਣ, ਸੰਗੀਤ, ਅਤੇ ਗੁਰੂ ਨਾਨਕ ਜੀ ਦੇ ਮਿਸ਼ਨ ਪ੍ਰਤੀ ਅਟੁੱਟ ਵਫ਼ਾਦਾਰੀ ਦੀ ਮਿਸਾਲ ਹੈ। ਉਹ ਗੁਰੂ ਨਾਨਕ ਜੀ ਦੇ ਸਭ ਤੋਂ ਨਜ਼ਦੀਕੀ ਸਾਥੀ ਸਨ, ਜਿਨ੍ਹਾਂ ਨੇ ਲਗਭਗ ਪੰਜਾਹ ਸਾਲ ਗੁਰੂ ਜੀ ਦੇ ਸੰਗ ਰਹਿ ਕੇ ਸਿੱਖ ਲਹਿਰ ਦੇ ਪ੍ਰਚਾਰ ਅਤੇ ਪਸਾਰ ਵਿੱਚ ਅਹਿਮ ਯੋਗਦਾਨ ਪਾਇਆ। ਭਾਈ ਮਰਦਾਨਾ ਜੀ ਨਾ ਸਿਰਫ਼ ਇੱਕ ਮਹਾਨ ਰਬਾਬੀ ਅਤੇ ਸੰਗੀਤ ਆਚਾਰੀਆ ਸਨ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਕਰਕੇ ਸਦੀਵੀ ਸਨਮਾਨ ਵੀ ਬਖ਼ਸ਼ਿਆ। ਪਰ, ਅਫ਼ਸੋਸ ਦੀ ਗੱਲ ਹੈ ਕਿ ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੇ ਇੱਕ ਵਰਗ ਵੱਲੋਂ ਉਨ੍ਹਾਂ ਦੀ ਸ਼ਖਸੀਅਤ ਨੂੰ ਸਹੀ ਮਾਅਨੇ ਵਿੱਚ ਸਨਮਾਨ ਨਹੀਂ ਦਿੱਤਾ ਗਿਆ, ਅਤੇ ਅੱਜੇ ਤੱਕ ਵੀ ਉਨ੍ਹਾਂ ਦੀ ਯਾਦ ਵਿੱਚ ਕੋਈ ਢੁਕਵੀਂ ਯਾਦਗਾਰ ਸਥਾਪਤ ਨਹੀਂ ਹੋ ਸਕੀ। ਇਸ ਲੇਖ ਵਿੱਚ ਅਸੀਂ ਭਾਈ ਮਰਦਾਨਾ ਜੀ ਦੇ ਜੀਵਨ, ਉਨ੍ਹਾਂ ਦੀ ਸਿੱਖ ਲਹਿਰ ਵਿੱਚ ਭੂਮਿਕਾ, ਅਤੇ ਸਮਾਜ ਵੱਲੋਂ ਉਨ੍ਹਾਂ ਪ੍ਰਤੀ ਕੀਤੀ ਅਣਦੇਖੀ ਦਾ ਵਿਸਥਾਰ ਵਿੱਚ ਜਾਇਜ਼ਾ ਲਵਾਂਗੇ।



ਭਾਈ ਮਰਦਾਨਾ ਜੀ ਦਾ ਜੀਵਨ ਅਤੇ ਸ਼ੁਰੂਆਤ

ਭਾਈ ਮਰਦਾਨਾ ਜੀ ਦਾ ਜਨਮ 1459 ਈਸਵੀ ਵਿੱਚ ਪੰਜਾਬ ਦੇ ਨਨਕਾਣਾ ਸਾਹਿਬ (ਤਤਕਾਲੀਨ ਤਲਵੰਡੀ) ਦੇ ਨੇੜੇ ਮੀਰ ਮੁਸ਼ਤਾਕ ਦੇ ਘਰ ਹੋਇਆ। ਉਹ ਮੁਸਲਿਮ ਮੀਰਾਸੀ ਪਰਿਵਾਰ ਨਾਲ ਸਬੰਧਤ ਸਨ ਅਤੇ ਉਨ੍ਹਾਂ ਦਾ ਪਰਿਵਾਰ ਸੰਗੀਤ ਅਤੇ ਰਬਾਬ ਵਜਾਉਣ ਦੀ ਕਲਾ ਵਿੱਚ ਮਾਹਰ ਸੀ। ਭਾਈ ਮਰਦਾਨਾ ਜੀ ਦੀ ਸੰਗੀਤ ਪ੍ਰਤੀ ਡੂੰਘੀ ਸਮਝ ਅਤੇ ਮੁਹਾਰਤ ਨੇ ਉਨ੍ਹਾਂ ਨੂੰ ਗੁਰੂ ਨਾਨਕ ਜੀ ਦੇ ਨੇੜੇ ਲਿਆਂਦਾ। ਉਹ ਗੁਰੂ ਨਾਨਕ ਜੀ ਦੇ ਬਚਪਨ ਦੇ ਸਾਥੀ ਸਨ ਅਤੇ ਉਨ੍ਹਾਂ ਦੀ ਸੰਗੀਤਕ ਪ੍ਰਤਿਭਾ ਨੇ ਗੁਰੂ ਜੀ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਭਾਈ ਮਰਦਾਨਾ ਜੀ ਦੀ ਜੀਵਨ-ਕਹਾਣੀ ਗਰੀਬੀ ਅਤੇ ਸੰਘਰਸ਼ ਨਾਲ ਭਰਪੂਰ ਸੀ। ਉਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਦੇ ਬਾਵਜੂਦ, ਉਹ ਆਪਣੇ ਪਰਿਵਾਰ—ਮਾਤਾ-ਪਿਤਾ, ਪਤਨੀ, ਅਤੇ ਬੱਚਿਆਂ—ਦੀਆਂ ਜ਼ਿੰਮੇਵਾਰੀਆਂ ਨੂੰ ਪਿੱਛੇ ਛੱਡ ਕੇ ਗੁਰੂ ਨਾਨਕ ਜੀ ਦੇ ਮਿਸ਼ਨ ਵਿੱਚ ਸ਼ਾਮਲ ਹੋਏ। ਇਹ ਸਮਰਪਣ ਅਤੇ ਵਫ਼ਾਦਾਰੀ ਉਨ੍ਹਾਂ ਦੀ ਮਹਾਨਤਾ ਦਾ ਸਬੂਤ ਹੈ।

ਗੁਰੂ ਨਾਨਕ ਜੀ ਨਾਲ ਸਫ਼ਰ ਅਤੇ ਸਿੱਖ ਲਹਿਰ ਵਿੱਚ ਯੋਗਦਾਨ

ਗੁਰੂ ਨਾਨਕ ਜੀ ਨੇ ਆਪਣੇ ਜੀਵਨ ਵਿੱਚ ਚਾਰ ਮੁੱਖ ਉਦਾਸੀਆਂ (ਯਾਤਰਾਵਾਂ) ਕੀਤੀਆਂ, ਜਿਨ੍ਹਾਂ ਵਿੱਚ ਉਹ ਵੱਖ-ਵੱਖ ਦੇਸ਼ਾਂ ਅਤੇ ਬਦੇਸ਼ਾਂ ਵਿੱਚ ਗਏ ਅਤੇ ਸਿੱਖੀ ਦਾ ਸੰਦੇਸ਼ ਪ੍ਰਚਾਰਿਆ। ਭਾਈ ਮਰਦਾਨਾ ਜੀ ਇਨ੍ਹਾਂ ਸਾਰੀਆਂ ਉਦਾਸੀਆਂ ਵਿੱਚ ਗੁਰੂ ਜੀ ਦੇ ਸਾਥੀ ਰਹੇ। ਉਹ ਗੁਰੂ ਜੀ ਦੇ ਪ੍ਰਛਾਵੇਂ ਵਾਂਗ ਸਾਥ ਨਿਭਾਉਂਦੇ ਸਨ, ਅਤੇ ਉਨ੍ਹਾਂ ਦੀ ਰਬਾਬ ਦੀ ਮਿੱਠੀ ਤਾਨ ਨੇ ਗੁਰੂ ਜੀ ਦੀਆਂ ਬਾਣੀਆਂ ਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ।

ਭਾਈ ਮਰਦਾਨਾ ਜੀ ਦੀ ਸੰਗੀਤਕ ਪ੍ਰਤਿਭਾ ਸਿੱਖੀ ਦੇ ਪ੍ਰਚਾਰ ਦਾ ਅਹਿਮ ਹਿੱਸਾ ਸੀ। ਗੁਰੂ ਨਾਨਕ ਜੀ ਦੀ ਬਾਣੀ, ਜੋ ਮਨੁੱਖਤਾ, ਸਮਾਨਤਾ, ਅਤੇ ਇੱਕ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਸੀ, ਨੂੰ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ ਸੁਰੀਲੀਆਂ ਤਾਨਾਂ ਨੇ ਜਨ-ਜਨ ਤੱਕ ਪਹੁੰਚਾਇਆ। ਉਨ੍ਹਾਂ ਦੀ ਸੰਗੀਤਕ ਸਮਝ ਅਤੇ ਗੁਰੂ ਜੀ ਦੀ ਬਾਣੀ ਦੀ ਡੂੰਘੀ ਪ੍ਰਭਾਵਸ਼ੀਲਤਾ ਨੇ ਲੋਕਾਂ ਨੂੰ ਸਿੱਖੀ ਦੇ ਸਿਧਾਂਤਾਂ ਵੱਲ ਆਕਰਸ਼ਿਤ ਕੀਤਾ।

ਭਾਈ ਮਰਦਾਨਾ ਜੀ ਨੇ ਸਿਰਫ਼ ਸੰਗੀਤਕ ਸਾਥ ਹੀ ਨਹੀਂ ਦਿੱਤਾ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਵੀ ਸਿੱਖੀ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਦੇ ਤਿੰਨ ਸਲੋਕ ਸ਼ਾਮਲ ਕੀਤੇ ਗਏ ਹਨ, ਜੋ ਉਨ੍ਹਾਂ ਦੀ ਅਧਿਆਤਮਿਕ ਸੂਝ ਅਤੇ ਗੁਰੂ ਜੀ ਦੇ ਸਿਧਾਂਤਾਂ ਪ੍ਰਤੀ ਸਮਰਪਣ ਨੂੰ ਦਰਸਾਉਂਦੇ ਹਨ। ਇਹ ਸਲੋਕ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਸਦੀਵੀ ਸਨਮਾਨ ਬਖ਼ਸ਼ਿਆ।

ਭਾਈ ਮਰਦਾਨਾ ਜੀ ਦੀ ਮਹਾਨਤਾ

ਭਾਈ ਮਰਦਾਨਾ ਜੀ ਦੀ ਮਹਾਨਤਾ ਨੂੰ ਸਮਝਣ ਲਈ ਉਨ੍ਹਾਂ ਦੇ ਸਮਰਪਣ, ਸੰਘਰਸ਼, ਅਤੇ ਸਾਦਗੀ ਨੂੰ ਵੇਖਣਾ ਜ਼ਰੂਰੀ ਹੈ। ਉਹ ਇੱਕ ਅਜਿਹੇ ਸਮਾਜ ਵਿੱਚ ਰਹਿੰਦੇ ਸਨ, ਜਿੱਥੇ ਜਾਤ-ਪਾਤ ਅਤੇ ਧਾਰਮਿਕ ਵਿਤਕਰੇ ਦੀਆਂ ਜੜ੍ਹਾਂ ਡੂੰਘੀਆਂ ਸਨ। ਇਸ ਦੇ ਬਾਵਜੂਦ, ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਸਮਾਨਤਾ ਅਤੇ ਭਾਈਚਾਰਕ ਸੁਨੇਹੇ ਨੂੰ ਅਪਣਾਇਆ ਅਤੇ ਉਸ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ। ਉਨ੍ਹਾਂ ਦੀ ਸੰਗੀਤਕ ਪ੍ਰਤਿਭਾ ਨੇ ਸਿੱਖੀ ਦੇ ਪ੍ਰਚਾਰ ਵਿੱਚ ਇੱਕ ਅਨੁਪਮ ਯੋਗਦਾਨ ਪਾਇਆ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਨੇ ਗੁਰੂ ਜੀ ਦੀ ਬਾਣੀ ਨੂੰ ਨਾ ਸਿਰਫ਼ ਸੁਰੀਲਾ ਬਣਾਇਆ, ਸਗੋਂ ਇਸ ਨੂੰ ਆਮ ਲੋਕਾਂ ਦੇ ਦਿਲਾਂ ਵਿੱਚ ਉਤਾਰਿਆ। ਉਨ੍ਹਾਂ ਦੀ ਸਾਦਗੀ ਅਤੇ ਸਮਰਪਣ ਨੇ ਸਿੱਖੀ ਦੇ ਸਿਧਾਂਤਾਂ—ਸੇਵਾ, ਸਿਮਰਨ, ਅਤੇ ਸੰਗਤ—ਦੀ ਜੀਵੰਤ ਮਿਸਾਲ ਪੇਸ਼ ਕੀਤੀ।

ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੀ ਅਣਦੇਖੀ

ਅਫ਼ਸੋਸ ਦੀ ਗੱਲ ਹੈ ਕਿ ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੇ ਇੱਕ ਵਰਗ ਵੱਲੋਂ ਭਾਈ ਮਰਦਾਨਾ ਜੀ ਦੀ ਸ਼ਖਸੀਅਤ ਨੂੰ ਸਹੀ ਮਾਅਨੇ ਵਿੱਚ ਸਨਮਾਨ ਨਹੀਂ ਦਿੱਤਾ ਗਿਆ। ਕਈ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਸਿਰਫ਼ ਗੁਰੂ ਨਾਨਕ ਜੀ ਦੇ ਸਾਥੀ ਵਜੋਂ ਹੀ ਦਰਸਾਇਆ, ਅਤੇ ਉਨ੍ਹਾਂ ਦੀਆਂ ਸੰਗੀਤਕ ਅਤੇ ਅਧਿਆਤਮਿਕ ਪ੍ਰਤਿਭਾਵਾਂ ਨੂੰ ਉਚਿਤ ਮਹੱਤਵ ਨਹੀਂ ਦਿੱਤਾ। ਕੁਝ ਜਨਮ ਸਾਖੀਆਂ ਵਿੱਚ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਗਿਆ, ਜੋ ਉਨ੍ਹਾਂ ਦੀ ਮਹਾਨਤਾ ਨਾਲ ਨਿਆਂ ਨਹੀਂ ਕਰਦਾ।

ਇਸ ਤੋਂ ਇਲਾਵਾ, ਸਿੱਖ ਪੰਥ ਦੇ ਠੇਕੇਦਾਰਾਂ ਨੇ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਵੀ ਭਾਈ ਮਰਦਾਨਾ ਜੀ ਦੀ ਯਾਦ ਵਿੱਚ ਕੋਈ ਢੁਕਵੀਂ ਯਾਦਗਾਰ ਸਥਾਪਤ ਨਹੀਂ ਕੀਤੀ। ਇਹ ਅਣਦੇਖੀ ਸਿੱਖ ਸਮਾਜ ਦੀ ਇੱਕ ਵੱਡੀ ਕਮੀ ਨੂੰ ਉਜਾਗਰ ਕਰਦੀ ਹੈ, ਕਿਉਂਕਿ ਭਾਈ ਮਰਦਾਨਾ ਜੀ ਵਰਗੀ ਸ਼ਖਸੀਅਤ ਨੂੰ ਸਨਮਾਨ ਦੇਣਾ ਸਿੱਖੀ ਦੇ ਸਮਾਨਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਨੂੰ ਮਜ਼ਬੂਤ ਕਰਦਾ।

**ਭਾਈ ਮਰਦਾਨਾ ਜੀ ਦੀ ਵਿਰਾਸਤ**

ਭਾਈ ਮਰਦਾਨਾ ਜੀ ਦੀ ਵਿਰਾਸਤ ਸਿੱਖੀ ਦੇ ਸੰਗੀਤਕ ਅਤੇ ਅਧਿਆਤਮਿਕ ਇਤਿਹਾਸ ਦਾ ਅਟੁੱਟ ਹਿੱਸਾ ਹੈ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਅਤੇ ਗੁਰੂ ਨਾਨਕ ਜੀ ਦੇ ਸਾਥ ਨੇ ਸਿੱਖੀ ਦੇ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਉਨ੍ਹਾਂ ਦੇ ਸਲੋਕ ਸਿੱਖੀ ਦੀ ਵਿਚਾਰਧਾਰਾ ਅਤੇ ਅਧਿਆਤਮਿਕ ਡੂੰਘਾਈ ਨੂੰ ਦਰਸਾਉਂਦੇ ਹਨ।

ਭਾਈ ਮਰਦਾਨਾ ਜੀ ਦੀ ਜੀਵਨ-ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸਮਰਪਣ, ਸਾਦਗੀ, ਅਤੇ ਸੇਵਾ ਦੇ ਰਾਹ 'ਤੇ ਚੱਲ ਕੇ ਵੀ ਮਨੁੱਖ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦਾ ਹੈ। ਉਨ੍ਹਾਂ ਦੀ ਮਹਾਨਤਾ ਸਿੱਖ ਸਮਾਜ ਨੂੰ ਇਹ ਸੁਨੇਹਾ ਦਿੰਦੀ ਹੈ ਕਿ ਸਾਨੂੰ ਆਪਣੇ ਇਤਿਹਾਸ ਦੀਆਂ ਅਜਿਹੀਆਂ ਸ਼ਖਸੀਅਤਾਂ ਨੂੰ ਸਨਮਾਨ ਦੇਣਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ।

ਭਾਈ ਮਰਦਾਨਾ ਜੀ ਸਿੱਖ ਇਤਿਹਾਸ ਦੀ ਇੱਕ ਅਜਿਹੀ ਅਜ਼ੀਮ ਸ਼ਖਸੀਅਤ ਹਨ, ਜਿਨ੍ਹਾਂ ਦੀ ਜੀਵਨ-ਕਹਾਣੀ ਸਮਰਪਣ, ਸੰਗੀਤ, ਅਤੇ ਅਧਿਆਤਮਿਕਤਾ ਦੀ ਮਿਸਾਲ ਹੈ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਅਤੇ ਗੁਰੂ ਨਾਨਕ ਜੀ ਦੇ ਸਾਥ ਨੇ ਸਿੱਖੀ ਦੇ ਸੰਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ। ਪਰ, ਸਿੱਖ ਸਮਾਜ ਅਤੇ ਇਤਿਹਾਸਕਾਰਾਂ ਵੱਲੋਂ ਉਨ੍ਹਾਂ ਪ੍ਰਤੀ ਕੀਤੀ ਅਣਦੇਖੀ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ। ਸਮੇਂ ਦੀ ਮੰਗ ਹੈ ਕਿ ਸਿੱਖ ਸਮਾਜ ਭਾਈ ਮਰਦਾਨਾ ਜੀ ਦੀ ਵਿਰਾਸਤ ਨੂੰ ਸਨਮਾਨ ਦੇਵੇ ਅਤੇ ਉਨ੍ਹਾਂ ਦੀ ਯਾਦ ਵਿੱਚ ਢੁਕਵੀਂ ਯਾਦਗਾਰ ਸਥਾਪਤ ਕਰੇ। ਅਜਿਹਾ ਕਰਨ ਨਾਲ ਨਾ ਸਿਰਫ਼ ਭਾਈ ਮਰਦਾਨਾ ਜੀ ਦੀ ਮਹਾਨਤਾ ਨੂੰ ਸਨਮਾਨ ਮਿਲੇਗਾ, ਸਗੋਂ ਸਿੱਖੀ ਦੇ ਸਮਾਨਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਵੀ ਮਜ਼ਬੂਤ ਹੋਣਗੇ।

**ਲਾਲ ਸਿੰਘ ਸੁਲਹਾਣੀ**

**9872155120**

# ਸ੍ਰੀ ਗੁਰੂ ਹਰਿ ਰਾਏ ਜੀ

**ਮੁੱਢਲੀ ਜਾਣਕਾਰੀ**

ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਏ ਜੀ ਦਾ ਜਨਮ ਮਾਘ ਸੁਦੀ 13, ਸੰਮਤ 1686 ਬਿਕ੍ਰਮੀ, ਭਾਵ 16 ਜਨਵਰੀ, 1630 ਈ., 19 ਮਾਘ ਸੰਮਤ ਨਾਨਕਸ਼ਾਹੀ 161

ਸ੍ਰੀ ਕੀਰਤਪੁਰ ਸਾਹਿਬ ਵਿਖੇ ਪਿਤਾ ਬਾਬਾ ਗੁਰਦਿੱਤਾ ਜੀ ਤੇ ਮਾਤਾ ਸ੍ਰੀ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿੱਚ ਲੱਗੇ ਰਹਿਣ ਵਾਲੇ ਸਬਰ ਸੰਤੋਖ ਦੇ ਮਾਲਕ ਸਨ। ਆਪ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਸਦਾ ਉਨ੍ਹਾਂ ਦੀ ਹਜੂਰੀ ਵਿੱਚ ਰਹਿੰਦੇ ਸਨ। ਸ੍ਰੀ ਗੁਰੂ ਹਰਿ ਰਾਏ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ।ਆਪ ਇੱਕ ਵਾਰ ਆਪਣੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਬਾਗ ਵਿੱਚ ਟਹਿਲ ਰਹੇ ਸਨ ਤਾਂ ਆਪ ਜੀ ਦੇ ਚੋਲੇ ਨਾਲ ਅੜ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਫੁੱਲ ਦੇ ਟੁੱਟਣ ਨਾਲ ਉਦਾਸ ਹੋ ਗਏ ਤਾਂ ਆਪ ਜੀ ਦੇ ਦਾਦਾ ਜੀ ਨੇ ਆਪ ਜੀ ਨੂੰ ਸਮਝਾਇਆ ਕਿ ਅਗਰ ਚੋਲਾ ਵੱਡਾ ਹੋਵੇ ਤਾਂ ਸੰਭਲ ਕੇ ਚੱਲਣਾ ਚਾਹੀਦਾ ਹੈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਇਸ ਗੱਲ ਵੱਲ ਇਸ਼ਾਰਾ ਕੀਤਾ ਸੀ ਕਿ ਜੇਕਰ ਜਿੰਮੇਵਾਰੀਆਂ ਵੱਡੀਆਂ ਹੋਣ ਤਾਂ ਬਹੁਤ ਸੋਚ ਸਮਝ ਕੇ ਕਾਰਜ ਸੰਪੂਰਨ ਕਰਨਾ ਚਾਹੀਦਾ ਹੈ। ਆਪ ਜੀ ਦੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਿੱਖਾਂ ਦੇ ਛੇਵੇਂ ਗੁਰੂ ਦੇ ਤੌਰ ਤੇ ਗੁਰਗੱਦੀ ਤੇ ਬਿਰਾਜਮਾਨ ਸਨ। ਉਨਾਂ ਦੀ ਇੱਛਾ ਅਨੁਸਾਰ ਮਾਰਚ ਅੱਠ 1644 ਈਸਵੀ ਨੂੰ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਗੁਰਿਆਈ ਮਿਲੀ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਆਪ ਜੀ ਨੂੰ 2200 ਘੋੜ ਸਵਾਰਾਂ ਦੀ ਫੌਜ ਰੱਖਣ ਦਾ ਹੁਕਮ ਹੋਇਆ ਸੀ। ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਤੇ ਅਮਲ ਕਰਦਿਆਂ ਗਰੀਬਾਂ ਲਈ ਕਈ ਦਵਾਖਾਨੇ ਖੁਲ੍ਹਵਾਏ। ਆਪ ਜੀ ਦੇ ਦਵਾਈ ਖਾਨਿਆਂ ਵਿੱਚ ਦੁਰਲੱਭ ਅਤੇ ਬੇਸ਼ਕੀਮਤੀ ਜੜ੍ਹੀਂ ਬੂਟੀਆਂ ਤੇ ਦਵਾਈਆਂ ਮੌਜੂਦ ਸਨ। ਇਤਿਹ-ਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਹੋ ਗਿਆ। ਉਸ ਨੂੰ ਕਿਸੇ ਵੀ ਦਵਾਈ ਨਾਲ ਕੋਈ ਆਰਾਮ ਨਹੀਂ ਆਇਆ ਤਾਂ ਮੁਗਲ ਹਕੂਮਤ ਨੇ ਗੁਰੂ ਹਰਿਰਾਏ ਸਾਹਿਬ ਨੂੰ ਦਵਾਈ ਭੇਜਣ ਲਈ ਬੇਨਤੀ ਕੀਤੀ। ਆਪ ਜੀ ਨੇ ਰੋਗ ਮੁਤਾਬਕ ਦਵਾਈ ਭੇਜੀ ਜਿਸ ਨਾਲ ਦਾਰਾ ਸ਼ਿਕੋਹ ਰਾਜ਼ੀ ਹੋ ਗਿਆ ਅਤੇ ਸ਼ੁਕਰਾਨਾ ਅਦਾ ਕਰਨ ਆਪ ਜੀ ਦੇ ਦਰਸ਼ਨਾਂ ਖਾਤਰ ਖੁਦ ਸ੍ਰੀ ਕੀਰਤਪੁਰ ਸਾਹਿਬ



ਆਇਆ। ਦਾਰਾ ਸ਼ਿਕੋਹ ਗੁਰੂ ਸਾਹਿਬ ਦੇ ਉਪਦੇਸ਼ ਅਤੇ ਸਿੱਖਾਂ ਦਾ ਸਾਦਾ ਰਹਿਣ ਸਹਿਣ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ। ਬਾਦਸ਼ਾਹ ਸ਼ਾਹ ਜਹਾਨ ਦੇ ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਬਾਅਦ ਉਸਦੇ ਪੁੱਤਰਾਂ ਵਿੱਚ ਦਿੱਲੀ ਤਖਤ ਲਈ ਭਿਆਨਕ ਲੜਾਈ ਛਿੜ ਗਈ। ਇਸੇ ਹੀ ਲੜਾਈ ਦੌਰਾਨ ਦਾਰਾ ਸ਼ਿਕੋਹ ਭੱਜ ਕੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਪਹੁੰਚ ਗਿਆ। ਉਸ ਨੇ ਗੁਰੂ ਸਾਹਿਬ ਨੂੰ ਮਦਦ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਦਾ ਧੀਰਜ ਵਧਾ ਕੇ ਉਸ ਨੂੰ ਪ੍ਰਸ਼ਾਦਾ ਪਾਣੀ ਛਕਾਇਆ ਅਤੇ ਉਸ ਲਈ ਯੋਗ ਪ੍ਰਬੰਧ ਕਰਕੇ ਉਸ ਦੀ ਜਾਨ ਬਚਾ ਦਿੱਤੀ। ਮੁਗਲ ਸਲਤਨਤ ਦੀ ਗੱਦੀ ਤੇ ਔਰੰਗਜ਼ੇਬ ਬਾਦਸ਼ਾਹ ਬੈਠ ਗਿਆ ਅਤੇ ਉਸ ਨੇ ਤਖਤ ਤੇ ਬੈਠਦਿਆਂ ਹੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਪਰਵਾਨਾ ਭੇਜ ਦਿੱਤਾ। ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮਾਂ ਮੁਤਾਬਕ ਖੁਦ ਦਿੱਲੀ ਨਹੀਂ ਗਏ ਬਲਕਿ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਦਿੱਲੀ ਭੇਜ ਦਿੱਤਾ। ਰਾਮ ਰਾਏ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਬਾਣੀ ਦੀ ਤੁੱਕ

"ਮਿਟੀ ਮੁਸਲਮਾਨ ਕੀ ਪੇੜ੍ਹੈ ਪਈ ਘੁਮਿਆਰ
ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ"

ਵਿੱਚ ਤਬਦੀਲੀ ਕਰਦਿਆਂ ਨਿਮਨ ਲਿਖਤ ਅਨੁਸਾਰ ਕਰ ਦਿੱਤਾ।

"ਮਿਟੀ ਮੁਸਲਮਾਨ ਨੂੰ ਮਿਟੀ ਬੇਈਮਾਨ ਕੀ"

ਉਸ ਦੀ ਇਸ ਬੱਜਰ ਗਲਤੀ ਤੋਂ ਗੁਰੂ ਸਾਹਿਬ ਬਹੁਤ ਨਰਾਜ਼ ਹੋਏ ਅਤੇ ਸਜ਼ਾ ਦੇ ਤੌਰ ਤੇ ਉਹਨਾਂ ਨੇ ਰਾਮ ਰਾਏ ਨੂੰ ਆਪਣੇ ਮੱਥੇ ਨਾ ਲੱਗਣ ਦਾ ਹੁਕਮ ਦਿੱਤਾ। ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਦੁਆਬੇ ਅਤੇ ਮਾਲਵੇ ਲਈ ਕਈ ਪ੍ਰਚਾਰ ਦੌਰੇ ਕੀਤੇ।

ਆਪ ਜੀ ਨੇ ਬਾਬਾ ਗੁਰਦਿੱਤਾ ਜੀ ਵੱਲੋਂ ਸਥਾਪਿਤ ਕੀਤੀਆਂ ਧੂਣੀਆਂ ਦੀਆਂ ਲੀਹਾਂ ਉੱਤੇ ਸੱਤ ਸੁਘੜ ਅਤੇ ਨਿਪੁੰਨ ਸਿੱਖ ਸੁਥਰੇ ਸ਼ਾਹ, ਭਗਤ ਭਗਵਾਨ, ਭਾਈ ਫੇਰੂ, ਭਾਈ ਬਹਿਲੋ, ਭਾਈ ਭੂੰਦਰ, ਭਾਈ ਪੰਜਾਬਾ ਅਤੇ ਭਾਈ ਭਗਤੋ ਦੇ ਪ੍ਰਬੰਧ ਹੇਠ ਸੱਤ ਪ੍ਰਚਾਰ ਕੇਂਦਰ ਕਾਇਮ ਕੀਤੇ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਦਾ ਅੰਤਲਾ ਸਮਾਂ ਨੇੜੇ ਆਇਆ ਤਾਂ ਆਪ ਜੀ ਨੇ ਆਪਣੇ ਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸਵਾ ਪੰਜ ਸਾਲ ਦੀ ਉਮਰ ਵਿੱਚ ਗੁਰਗੱਦੀ ਦਾ ਵਾਰਸ ਬਣਾ ਦਿੱਤਾ। ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਮਿਤੀ 7 ਅਕਤੂਬਰ 1661 ਈਸਵੀ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਜੋਤੀ ਜੋਤ ਸਮਾ ਗਏ।

ਭੁੱਲ ਚੁੱਕ ਦੀ ਖਿਮਾ



**ਦਾਸ ਸੁਰਿੰਦਰ ਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

ਨਮੋ ਬੁੱਧਾਏ



ਤਥਾਗਤ ਬੁੱਧ

**ਅੰਬੇਡਕਰ ਭਵਨ ਟਰੱਸਟ (ਰਜਿ.)**
ਵੱਲੋਂ
ਇਤਿਹਾਸਿਕ ਸਥਾਨ ਅੰਬੇਡਕਰ ਭਵਨ,
ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ
27 ਅਕਤੂਬਰ, 1951 ਬਾਬਾ ਸਾਹਿਬ ਦੇ ਆਗਮਨ ਦਿਵਸ ਨੂੰ
ਸਮਰਪਿਤ ਨੈਸ਼ਨਲ ਆਈ ਕੇਅਰ ਹਸਪਤਾਲ, ਜਲੰਧਰ ਦੁਆਰਾ

ਜੈ ਭੀਮ-ਜੈ ਭਾਰਤ



ਡਾ. ਅੰਬੇਡਕਰ

**ਅੱਖਾਂ ਦਾ ਮੁਫ਼ਤ ਚੈੱਕਅਪ ਅਤੇ ਸਕਰੀਨਿੰਗ ਕੈਂਪ**



ਲਗਾਇਆ ਜਾ ਰਿਹਾ ਹੈ। **ਡਾ. ਪੀਯੂਸ਼ ਸੂਦ** ਦੀ ਅਗਵਾਈ ਵਿੱਚ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਅੱਖਾਂ ਦਾ ਚੈੱਕਅਪ ਕਰੇਗੀ।
ਸਥਾਨ : ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ
ਮਿਤੀ : 26 ਅਕਤੂਬਰ, 2025 (ਐਤਵਾਰ) ਸਮਾਂ : ਸਵੇਰੇ 10.00 ਤੋਂ ਦੁਪਹਿਰ 2.00 ਵਜੇ ਤੱਕ

ਇਸ ਕੈਂਪ ਵਿੱਚ ਸੇਵਾਵਾਂ ਦਿੱਤੀਆਂ ਜਾਣਗੀਆਂ : 1. ਆਧੁਨਿਕ ਮਸ਼ੀਨਾਂ ਨਾਲ ਅੱਖਾਂ ਦੀ ਜਾਂਚ। 2. ਕੰਪਿਊਟਰਾਇਜ਼ਡ ਐਨਕਾਂ ਦੇ ਨੰਬਰ। 3. ਚਿੱਟੇ ਮੋਤੀਏ ਦਾ ਬਿਨਾ ਟੀਕੇ, ਬਿਨਾ ਟਾਂਕੇ ਅਤੇ ਬਿਨਾ ਪੱਟੀ ਦੇ ਅਪ੍ਰੇਸ਼ਨ। 4. ਅੱਖਾਂ ਦੇ ਲੈਂਜ਼ ਆਧੁਨਿਕ ਤਕਨੀਕ ਨਾਲ ਪਾਏ ਜਾਣਗੇ। 5. ਬਲੱਡ ਸ਼ੂਗਰ ਚੈੱਕ ਕੀਤੀ ਜਾਵੇਗੀ। 6. ਦਵਾਈਆਂ ਫ੍ਰੀ ਦਿੱਤੀਆਂ ਜਾਣਗੀਆਂ।

ਮਰੀਜ਼ਾਂ ਦੀ ਰਜਿਸਟਰੇਸ਼ਨ ਸਵੇਰੇ 9.30 ਵਜੇ ਸ਼ੁਰੂ ਕੀਤੀ ਜਾਵੇਗੀ।

ਸ਼ਰਤਾਂ : 1. ਹਰੇਕ ਮਰੀਜ਼ ਆਪਣਾ ਆਧਾਰ ਕਾਰਡ ਨਾਲ ਲੈ ਕੇ ਆਵੇ। 2. ਬਿਨਾਂ ਆਧਾਰ ਕਾਰਡ ਐਂਟਰੀ ਨਹੀਂ ਹੋਵੇਗੀ। 3. ਜੇਕਰ ਮਰੀਜ਼ ਕੋਈ ਪੱਕੀ ਦਵਾਈ ਖਾਂਦਾ ਹੈ ਤਾਂ ਉਸਦਾ ਵੇਰਵਾ ਲੈ ਕੇ ਆਵੇ। 4. ਕਿਸੇ ਵੀ ਵਿਅਕਤੀ ਦੀ ਐਂਟਰੀ ਦੁਪਹਿਰ 2.00 ਵਜੇ ਤੋਂ ਬਾਅਦ ਨਹੀਂ ਹੋਵੇਗੀ।

**ਮੋਹਨ ਲਾਲ** (ਚੇਅਰਮੈਨ) 98761-33821
**ਡਾ. ਜੀ ਸੀ. ਕੌਲ** (ਜਨਰਲ ਸਕੱਤਰ) 94632-23223
**ਬਲਦੇਵ ਰਾਜ ਭਾਰਦਵਾਜ** (ਵਿੱਤ ਸਕੱਤਰ) 98157-01023
ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ-144003

# ਆਪਣੇ ਪਲੇਠੇ ਗੀਤ "ਹੱਸਦੀ ਨੇ ਦਿਲ ਮੰਗਿਆ" ਰਾਹੀਂ ਸਰੋਤਿਆਂ ਦੇ ਸਨਮੁੱਖ ਹੋਣ ਜਾ ਰਹੇ ਲੋਕ ਗਾਇਕ ਛਿੰਦਾ ਚੱਕ ਵਾਲਾ :- ਅਦਾਕਾਰ ਕੁਲਦੀਪ ਨਿਆਮੀ




ਪੰਜਾਬੀ ਸੰਗੀਤ ਜਗਤ ਵਿੱਚ ਆਪਣੇ ਪਲੇਠੇ ਗੀਤ "ਹੱਸਦੀ ਨੇ ਦਿਲ ਮੰਗਿਆ" ਰਾਹੀ ਲੋਕ ਗਾਇਕ 'ਛਿੰਦਾ ਸਿੰਘ ਚੱਕ ਵਾਲਾ ' ਸੰਗੀਤ ਪ੍ਰੇਮੀਆਂ ਨਾਲ ਰੂਹਦਾਰੀ ਦੀ ਸਾਂਝ ਪਾਉਣ ਜਾ ਰਹੇ ਹਨ। ਇਸ ਗੀਤ ਨੂੰ ਪਾਲੀਵੁੱਡ ਦੇ ਚਰਚਿਤ ਅਦਾਕਾਰ ਤੇ ਗੀਤਕਾਰ ਕੁਲਦੀਪ ਨਿਆਮੀ ਤੇ ਛਿੰਦਾ ਚੱਕ ਵਾਲਾ ਨਾਲ ਮਿਲ ਪੰਜਾਬੀ ਪੈਤੀ ਅੱਖਰਾਂ ਦੇ ਖੂਬਸੂਰਤ ਗੁਲਦਸਤੇ 'ਚੋ ਬੇਸ਼ਕੀਮਤੀ ਖੂਬਸੂਰਤ ਸ਼ਬਦਾਂ ਦੀ ਰਸਦ ਲੈ ਪਰੋਇਆਂ। ਇਸ ਗੀਤ ਦੇ ਲੋਕ ਗਾਇਕ "ਛਿੰਦਾ ਸਿੰਘ ਚੱਕ ਵਾਲਾ" ਦੀ ਸੁਰੀਲੀ ਮਿਠਾਸ ਭਰੀ ਆਵਾਜ਼ ਨਾਲ ਸੁਮੇਲ ਕਰ ਸੰਗੀਤਕ ਧੁੰਨਾਂ ਨਾਲ ਸਿੰਗਾਰਿਆਂ ਹੈ।ਪ੍ਰਸਿੱਧ ਸੰਗੀਤਕਾਰ ਸ਼ਿਵਮਨੀ ਨੇ । ਇਸ ਗੀਤ ਦਾ ਫਿਲਮਾਂਕਣ ਕੋਟਕਪੂਰਾ ਦੇ ਜਿਨਾਂ ਨੇ ਕਈ ਗੀਤਾਂ ਨੂੰ ਤੇ ਸੌਰਟ ਮੂਵੀ ਆਦਿ ਦਰਸ਼ਕਾਂ ਦੀ ਝੋਲੀ ਪਾਈਆਂ ਹਨ। ਪ੍ਰਸਿੱਧ ਡਾਇਰੈਕਟਰ "ਆਸੂ ਕੋਟਕਪੂਰਾ" ਵੱਲੋ ਡਾਇਰੈਕਟ ਕੀਤਾ ਗਿਆਂ । ਇਸ ਗੀਤ ਵਿੱਚ ਅਦਾਕਾਰ ਵਜੋ ਪਾਲੀਵੁੱਡ ਦੇ ਮੰਝੇ ਅਦਾਕਾਰ 'ਮਨੀ ਨਿਆਮੀ', ਪ੍ਰੀਤ ਸਮਾਣਾ ਤੇ ਦਲਜੀਤ ਕਲਿਆਣ ਵੱਲੋ ਵਿਲੱਖਣ ਖੂਬਸੂਰਤ ਅਦਾਕਾਰੀ ਨਾਲ ਸੁਮਾਰ ਕਰਵਾਇਆਂ ਗਿਆ ਹੈ। ਇਸ ਗੀਤ ਦੇ ਸਾਰੇ ਖੂਬਸੂਰਤ ਦ੍ਰਿਸ਼ਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕੀਤਾ ਹੈ । ਪਾਲੀਵੁੱਡ ਦੇ ਮੰਨੇ ਪ੍ਰਮੰਨੇ ਕੈਮਰਾਮੈਨ "ਅਰਸ਼ਦੀਪ ਕੈਮ" ਨੇ। ਇਹ ਗੀਤ 26 ਅਕਤੂਬਰ ਨੂੰ ਸਰੋਤਿਆਂ ਦੀ ਕਚਹਿਰੀ ਵਿੱਚ ਸਨਮੁੱਖ ਹੋ ਮਨੋਰੰਜਨ ਦਾ ਹਿੱਸਾ ਬਣ ਵਿਲੱਖਣ ਛਾਪ ਛੱਡਣ ਜਾ ਰਿਹਾ ਹੈ। ਇਸ ਨੂੰ ਆਖਰੀ ਮੁਕਾਮ ਤੱਕ ਪਹੁੰਚਾਉਣ ਲਈ ਦਿਨ-ਰਾਤ ਇਕ ਕਰ ਪ੍ਰੋਡਕਸ਼ਨ "ਟੀਮ ਨਿਆਮੀ ਮਿਊਜਿਕ"। ਇਸ ਚੈਨਲ ਤੇ ਰਲੀਜ਼ ਹੋਵੇਗਾ । 'ਟੀਮ ਨਿਆਮੀ ਮਿਊਜਿਕ' ਨੂੰ ਸਰੋਤਿਆ ਤੋ ਬਹੁਤ ਉਮੀਦ ਹੈ ਤੇ ਓਹ ਵਧੀਆ ਹੁੰਗਾਰੇ ਦੀ ਸਰੋਤਿਆ ਤੋ ਆਸ ਕਰਦੀ ਹੈ। ਤੁਹਾਨੂੰ ਸਭ ਨੂੰ, ਇਸ ਗੀਤ ਨੂੰ ਸੁਣਨਾ ਤੇ ਵੱਧ ਤੋ ਵੱਧ ਸੇਅਰ ਕਰ , ਕਮੈਂਟ ਕਰ , ਪੂਰੀ ਟੀਮ ਦੀ ਮਿਹਨਤ ਦਾ ਮੁੱਲ ਜਰੂਰ ਮੋੜਨਾ । ਮੇਰੀਆਂ ਦੁਆਵਾ ਪੂਰੀ ਟੀਮ ਲਈ , ਓਹ ਏਦਾਂ ਦੀ ਵਧੀਆ ਖੂਬਸੂਰਤ ਗੀਤਾਂ ਨੂੰ ਸੰਗੀਤਕ ਪ੍ਰੇਮੀਆ ਦੀ ਝੋਲੀ ਪਾ ਸਾਂਝ ਪਾਉਂਦੇ ਰਹਿਣ। ਆਮੀਨ

**ਸ਼ਿਵਨਾਥ ਦਰਦੀ ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:- 9855155392**

# ਤਿਉਹਾਰ ਤੇ ਵਿਉਪਾਰ

ਸਾਡੇ ਤਿਉਹਾਰ ਸਾਡੀ ਸਾਂਝੀਵਾਲਤਾ ਦੇ ਪ੍ਰਤੀਕ ਸਨ। ਇਹ ਸਾਨੂੰ ਆਪਿਸ ਵਿੱਚ ਮਿਲਣਾ, ਵਰਤਣਾ ਅਤੇ ਦੂਸਰਿਆਂ ਦਾ ਸਤਿਕਾਰ ਕਰਨਾ ਸਿਖਾਉਂਦੇ ਸਨ। ਗਿਲੇ ਸ਼ਿਕਵੇ, ਰੀਸ ਰੋਸੇ, ਗੁੱਸੇ ਗਿਲੇ ਮਿਟਾਉਣ ਦਾ ਮੌਕਾ ਪ੍ਰਦਾਨ ਕਰਦੇ ਸਨ। ਇਹ ਤਿਉਹਾਰ ਸਾਡੇ ਧਰਮਾਂ, ਫਿਰਕਿਆਂ, ਮਜ਼੍ਹਬਾਂ, ਜਾਤਪਾਤ ਤੋਂ ਉੱਪਰ ਸਨ। ਸ਼ਾਇਦ ਅਸੀਂ ਇੱਕ ਦੂਜੇ ਧਰਮ ਦੇ ਤਿਉਹਾਰਾਂ ਵਿੱਚ ਸ਼ਰੀਕ ਹੋਕੇ ਆਪਸੀ ਭਾਈਚਾਰੇ ਨੂੰ ਵਧਾਉਂਦੇ ਸੀ। ਆਪਸੀ ਖੁਸ਼ੀਆਂ ਸਾਂਝੀਆਂ ਕਰਦੇ ਸੀ। ਤਿਉਹਾਰ ਵਾਲੇ ਦਿਨ ਕਿਸੇ ਗਮਗੀਨ ਪਰਿਵਾਰ ਨੂੰ ਮਿਲਕੇ ਉਸਨੂੰ ਖੁਸ਼ ਕਰਨ ਦਾ ਯਤਨ ਕਰਦੇ ਸੀ। ਤਿਉਹਾਰਾਂ ਤੇ ਬਣੇ ਵਿਸ਼ੇਸ਼ ਪਕਵਾਨ ਵੰਡਕੇ ਖਾਂਦੇ ਸੀ। ਪੈਸਾ ਅਤੇ ਮਾਰਕੀਟਿੰਗ ਦਾ ਤਿਉਹਾਰਾਂ ਤੇ ਬਹੁਤਾ ਪ੍ਰਭਾਵ ਨਹੀਂ ਸੀ। ਬਹੁਤਾ ਪੈਸਾ ਤਾਂ ਕਿਸੇ ਕੋਲ੍ਹ ਨਹੀਂ ਸੀ ਹੁੰਦਾ। ਬੱਸ ਆਪਸੀ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਤਿਉਹਾਰਾਂ ਦੀਆਂ ਖੁਸ਼ੀਆਂ ਮਨਾ ਲੈਂਦੇ ਸੀ।

ਹੁਣ ਯੁੱਗ ਬਦਲ ਗਿਆ ਹੈ। ਹੁਣ ਸਾਡਾ ਤਿਉਹਾਰ, ਤੁਹਾਡਾ ਤਿਉਹ-ਾਰ ਵਰਗੇ ਸ਼ਬਦ ਆਮ ਹੋ ਗਏ ਹਨ। ਅਸੀਂ ਇੱਕ ਦੂਜੇ ਦੇ ਧਰਮ ਦੇ ਹਿੱਸੇ ਆਏ ਤਿਉਹਾਰਾਂ ਨੂੰ ਮਨਾਉਣਾ ਤਾਂ ਦੂਰ ਦੀ ਗੱਲ ਹੈ ਅਸੀਂ ਉਹ ਨਾਮ ਲੈਣਾ ਵੀ ਪਸੰਦ ਨਹੀਂ ਕਰਦੇ। ਅਸੀਂ ਆਪਣੇ ਧਰਮ ਤੇ ਕੱਟੜਤਾ ਦਾ ਲਬਾਦਾ ਪਾਕੇ ਉਸਨੂੰ ਛੋਟਾ ਕਰ ਦਿੱਤਾ ਹੈ। ਅਸੀਂ ਹਿੰਦੂ ਸਿੱਖ ਅਤੇ ਮੁਸਲਿਮ ਇੱਕ ਦੂਜੇ ਦੇ ਤਿਉਹਾਰਾਂ ਰਸਮਾਂ ਰੀਤੀ ਰਿਵਾਜਾਂ ਵਿੱਚ ਬੜੇ ਚਾਅ ਨਾਲ ਸ਼ਰੀਕ ਹੁੰਦੇ ਸੀ। ਪਰ ਹੁਣ ਇਹ ਸਾਡੇ ਤੁਹਾਡੇ ਹੋ ਗਏ ਹਨ। ਮੇਲ ਮਿਲਾਪ ਅਤੇ ਭਾਈਚਾਰੇ ਵਧਾਉਣ ਵਾਲੇ ਇਹ ਤਿਉਹਾਰ ਹੁਣ ਮੰਡੀ ਦੀ ਮਾਰ ਹੇਠ ਆ ਗਏ ਹਨ। ਵਿਉਪਾਰੀ ਵਰਗ ਨੇ ਇਹਨਾਂ ਦਾ ਮੰਡੀਕਰਨ ਕਰ ਦਿੱਤਾ। ਲੋਕਾਂ ਕੋਲ੍ਹ ਖੁਲ੍ਹੇ ਪੈਸੇ ਹੋਣ ਕਰਕੇ ਹਰ ਤਿਉਹ-ਾਰ ਕਰੋੜਾਂ ਦੇ ਬਿਜਨਸ ਤੱਕ ਪਾਹੁੰਚ ਗਿਆ ਹੈ। ਤਿਉਹਾਰ ਦਾ ਮਤਲਬ ਕਮਾਈ ਨਾਲ ਜੁੜ ਗਿਆ ਹੈ। ਕਈ ਤਿਉਹਾਰ ਸਾਨੂੰ ਕਈ ਮਹੀਨਿਆਂ ਦਾ ਰੋਜਗਾਰ ਅਤੇ ਕਮਾਈ ਦਿੰਦੇ ਹਨ। ਸਧਾਰਨ ਤਰੀਕੇ ਨਾਲ ਮਨਾਇਆ ਜਾਣ ਵਾਲਾ ਕਰਵਾ ਚੌਥ ਦਾ ਵਰਤ ਵੀ ਮੰਡੀ ਦੀ ਮਾਰ ਹੇਠ ਆ ਗਿਆ ਹੈ। ਨਵੇਂ ਸੂਟਾਂ ਤੋਂ ਸ਼ੁਰੂ ਹੋਇਆ, ਚੰਗੇ ਬਿਊਟੀ ਪਾਰਲਰ ਤੱਕ ਪਾਹੁੰਚ ਗਿਆ ਹੈ। ਕਿੱਟੀ ਪਾਰਟੀਆਂ ਚ ਹੁੰਦਾ ਹੋਇਆ ਸ਼ਾਮ ਨੂੰ ਕਿਸੇ ਮਹਿੰਗੇ ਹੋਟਲ ਦੇ ਡਿਨਰ ਤੇ ਸਮਾਪਤ ਹੁੰਦਾ ਹੈ। ਜੇ ਹਿਸਾਬ ਲਗਾਇਆ ਜਾਵੇ ਤਾਂ ਕਰੋੜਾ ਰੁਪਏ ਦਾ ਲੈਣ ਦੇਣ ਮਹਿੰਦੀ ਲਵਾਈ ਦੇ ਨਾਮ ਤੇ ਹੁੰਦਾ ਹੈ। ਇਸੇ ਤਰ੍ਹਾਂ ਸਰੋਂ ਦੇ ਤੇਲ ਦੇ ਦੀਵੇ ਜਗਾਕੇ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਮਹਿੰਗੀਆਂ ਲਾਈਟਾਂ, ਮਹਿੰਗੇ ਗਿਫਟਾਂ, ਮਿਠਿਆਈਆਂ, ਸੁੱਕੇ ਮੇਵਿਆਂ ਦੇ ਲੈਣ ਦੇਣ ਦਾ ਸ਼ਿਕਾਰ ਹੋ ਗਿਆ ਹੈ। ਨੇਤਾਵਾਂ ਅਤੇ ਪ੍ਰਸ਼ਾਸ਼ਨਿਕ ਅਫਸਰਾਂ ਲਈ ਇਹ ਸਲਾਨਾ ਵਸੂਲੀ ਦਾ ਢੰਗ ਬਣ ਗਿਆ ਹੈ। ਦੀਵਾਲੀ ਦੇ ਗਿਫ਼ਟ ਰਿਸ਼ਵਤ ਦਾ ਜ਼ਰੀਆਂ ਬਣ ਗਏ ਹਨ। ਹਰ ਛੋਟਾ ਆਪਣੇ ਵੱਡੇ ਨੂੰ ਖੁਸ਼ ਕਰਨ ਦੇ ਬਹਾਨੇ ਆਪਣੀ ਚਾਦਰ ਨਾਲੋਂ ਵੱਧ ਪੈਰ ਪਸਾਰਦਾ ਹੈ। ਆਪਣੀ ਫੋਕੀ ਵਾਹਵਾਹੀ ਅਤੇ ਫੁਕਰੀ ਲਈ ਦੀਵਾਲੀ ਨੂੰ ਦਿਵਾਲੇ ਵੱਲ ਧੱਕਿਆ ਜਾਂਦਾ ਹੈ।

ਕੁੱਲ ਮਿਲਾਕੇ ਦੇਖਿਆ ਜਾਵੇ ਤਾਂ ਅਸੀਂ ਆਪਣੇ ਤਿਉਹਾਰਾਂ ਦੇ ਮਕਸਦ ਤੋਂ ਭਟਕ ਗਏ ਹਾਂ ਤੇ ਇਹ ਤਿਉਹਾਰ ਸਾਡੇ ਵਿਉਪਾਰ/ਬਜ਼ਾਰ ਦਾ ਹਿੱਸਾ ਬਣ ਗਏ ਹਨ।



**ਰਮੇਸ਼ ਸੇਠੀ ਬਾਦਲ**
**987662723**

# ਦੁਆਬਾ ਸਾਹਿਤ ਮੰਚ ਲਧਾਣਾ ਝਿੱਕਾ ਵਲੋਂ ਸਲਾਨਾ ਪੁਰਸਕਾਰ ਸੰਮੇਲਨ ਅਤੇ ਕਵੀ ਦਰਬਾਰ

ਦੁਆਬਾ ਸਾਹਿਤ ਮੰਚ ਲਧਾਣਾ ਝਿੱਕਾ ਦੇ ਅਹੁਦੇਦਾਰ ਅਤੇ ਮੈਬਰਾਂ ਦੀ, ਸਵ ਸ ਚੜ੍ਹਤ ਸਿੰਘ ਮੁਕੱਦਮ ਯਾਦਗਾਰੀ ਲਾਇਬ੍ਰੇਰੀ ਹਾਲ 'ਚ, ਮੰਚ ਦੇ ਸਰਪ੍ਰਸਤ ਸ: ਤਾਰਾ ਸਿੰਘ ਚੇੜਾ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਵਿੱਚ, ਮੰਚ ਵਲੋਂ ਕਰਵਾਏ ਜਾਣ ਵਾਲੇ ਸਲਾਨਾ ਪੁਰਸਕਾਰ ਸੰਮੇਲਨ ਅਤੇ ਕਵੀ ਦਰਬਾਰ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਸਰਬ ਸੰਮਤੀ ਨਾਲ, ਸਵ ਸ: ਕੋੜਾ ਸਿੰਘ ਚੇੜਾ ਅਤੇ ਸਵ ਸ: ਵਤਨ ਸਿੰਘ ਚੇੜਾ ਦੀ ਨਿੱਘੀ ਯਾਦ ਨੂੰ ਸਮਰਪਿਤ ਇਹ ਸਮਾਗਮ,ਪੰਦਰ੍ਹਾਂ ਨਵੰਬਰ 2025 ਦਿਨ ਸ਼ਨੀਵਾਰ ਨੂੰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਪਿਛਲੇ ਸਾਲ ਦੀ ਤਰ੍ਹਾਂ ਇਹ ਸਮਾਰੋਹ ਸਵ: ਸ: ਚੜ੍ਹਤ ਸਿੰਘ ਮੁਕੱਦਮ ਯਾਦਗਾਰੀ ਲਾਇਬ੍ਰੇਰੀ ਦੇ ਵਿਹੜੇ ਵਿੱਚ ਕਰਵਾਇਆ ਜਾਵੇਗਾ। ਪ੍ਰਸਿੱਧ ਲੋਕ ਸ਼ਾਇਰ ਜਨਾਬ ਜਗਦੀਸ਼ ਰਾਣਾ ਜੀ ਸਮਾਗਮ ਦੇ ਮੁੱਖ ਮਹਿਮਾਨ ਅਤੇ ਜਾਣੇ ਪਹਿਚਾਣੇ ਕਵੀ ਜਨਾਬ ਤਾਰਾਸਿੰਘ ਚੇੜਾ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਗੇ।ਪੁਰਸਕਾਰ ਸਮੇਲਨ ਵਿੱਚ ਸਾਹਿਤਕ ਖੇਤਰ ਦੀਆਂ ਪੰਜ ਨਾਮਵਰ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

1. ਪ੍ਰਸਿੱਧ ਕਵੀ ਪ੍ਰੋ ਸੰਧੂ ਵਰਿਆਣਵੀ ਜੀ ਨੂੰ ਸਵ: ਸ: ਚੜ੍ਹਤ ਸਿੰਘ ਮੁਕੱਦਮ ਯਾਦਗਾਰੀ ਪੁਰਸਕਾਰ (ਪਿੰਡ ਲਧਾਣਾ ਝਿੱਕਾ ਦੇ ਮੋਢੀ)। 2. ਯੂ ਐਨ ਓ, ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਸਨਮਾਨਿਤ ਜਗਤ ਪ੍ਰਸਿੱਧ ਖੇਤੀ ਮਾਹਿਰ, ਕਹਾਣੀਕਾਰ ਅਤੇ ਕਵੀ ਸ:ਮਹਿੰਦਰ ਸਿੰਘ ਦੁਸਾਂਝ ਜੀ ਨੂੰ ਅੰਤਰਰਾਸ਼ਟਰੀ ਸਾਹਿਤਕ ਸਨਮਾਨਾਂ ਨਾਲ ਸਨਮਾਨਿਤ ਸਵ: ਪ੍ਰਿੰਸੀਪਲ ਜੁਗਿੰਦਰ ਸਿੰਘ ਕੰਵਲ ਯਾਦਗਾਰੀ ਪੁਰਸਕਾਰ ( ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਬਾ ,ਫ਼ਿਜ਼ੀ, ਨਾਵਲਕਾਰ, ਕਹਾਣੀਕਾਰ ਅਤੇ ਕਵੀ) 3. ਪ੍ਰਸਿੱਧ ਪੱਤਰਕਾਰ, ਕਾਲਮਨਵੀਸ ਅਤੇ ਲੇਖਕ ਸ:ਸਤਨਾਮ ਸਿੰਘ ਮਾਣਕ ਜੀ ਨੂੰ ਵਿਸ਼ਵ ਪ੍ਰਸਿੱਧ ਪੱਤਰਕਾਰ, ਲੇਖਕ ਤੇ ਬਰੋਡਕਾਸਟਰ ,ਸਵ: ਸਾਥੀ ਲੁਧਿਆਣਵੀ, ਇੰਗਲੈਂਡ ਯਾਦਗਾਰੀ ਪੁਰਸਕਾਰ 4.ਪ੍ਰਸਿੱਧ ਕਵੀ ਤੇ ਚਿੱਤਰਕਾਰ ਜਨਾਬ ਰੇਸ਼ਮ ਚਿੱਤਰਕਾਰ ਜੀ ਨੂੰ ਜਾਣੇ ਪਹਿਚਾਣੇ ਕਿਸਾਨ ਨੇਤਾ ਸਵ ਸ: ਅਰਜਨ ਸਿੰਘ ਧੂਮਾਂ ਯਾਦਗਾਰੀ ਪੁਰਸਕਾਰ 5.ਪ੍ਰਸਿੱਧ ਲੇਖਕ ਪ੍ਰਿੰਸੀਪਲ ਨਵਤੇਜ ਸਿੰਘ ਗੜ੍ਹਦੀਵਾਲ ਜੀ ਨੂੰ ਸਮਾਜ ਸੇਵੀ ਸਵ: ਮਿਸਤਰੀ ਪਾਖਰ ਸਿੰਘ ਮੱਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਹਾਜ਼ਰ ਕਵੀਆਂ ਦਾ ਕਵੀ ਦਰਬਾਰ ਕਰਵਾਇਆ ਜਾਵੇਗਾ।

ਮੀਟਿੰਗ ਵਿੱਚ ਦੁਆਬਾ ਸਾਹਿਤ ਮੰਚ ਲਧਾਣਾ ਝਿੱਕਾ ਦੇ ਪ੍ਰਧਾਨ ਗੁਰਦੀਪ ਸਿੰਘ ਮੁਕੱਦਮ, ਉਪ ਪ੍ਰਧਾਨ ਗੁਰਦੀਪ ਸਿੰਘ ਸੈਣੀ, ਮੁੱਖ ਸਕੱਤਰ ਕੈਪ ਦੌਲਤ ਸਿੰਘ,ਸਕੱਤਰ ਮਾਸਟਰ ਜਗਤਾਰ ਸਿੰਘ,ਪ੍ਰੈਸ ਸਕੱਤਰ ਪਰਮਜੀਤ ਸਿੰਘ ਪੰਚ (ਪਰਮ ਸਟੂਡੀਓ) ਗੀਤਕਾਰ ਕਿੰਦਾ ਝਿੱਕਾ ਅਤੇ ਅਮਰੀਕ ਸਿੰਘ ਬਣਵੈਤ ਯੂ ਐਸ ਏ ਹਾਜ਼ਰ ਸਨ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦ ਨਾ ਆਇਆ !

ਸਾਡੇ ਸਮਿਆਂ ਵਿੱਚ ਐਨੀਂ ਹਨੇਰ ਗਰਦੀ ਫੈਲ ਜਾਵੇਗੀ, ਸੋਚਿਆ ਨਹੀਂ ਸੀ। ਜਦੋਂ ਘੱਟ ਪੜ੍ਹੇ ਲਿਖੇ ਸਨ, ਜਾਂ ਸਾਰਾ ਪੰਜਾਬ ਪੜ੍ਹਿਆ ਲਿਖਿਆ ਸੀ ਤਾਂ ਉਦੋਂ ਐਨਾ ਬੁਰਾ ਹਾਲ ਨਹੀਂ ਸੀ। ਉਦੋਂ ਸ਼ੇਰ ਤੇ ਬੱਕਰੀ ਇੱਕੋ ਘਾਟ ਤੇ ਪਾਣੀ ਪੀਂਦੇ ਸਨ। ਉਹ ਜ਼ਮਾਨਾ ਬਦਲ ਗਿਆ ਹੈ। ਲੋਕ ਏਨਾ ਪੜ੍ਹ ਲਿਖ ਗਏ ਹਨ, ਉਹਨਾਂ ਨੂੰ ਆਪਣੇ ਆਪ ਤੋਂ ਬਗ਼ੈਰ ਕੁੱਝ ਨਜ਼ਰ ਨਹੀਂ ਆਉਂਦਾ। ਬਹੁਗਿਣਤੀ ਪੰਜਾਬ ਦੇ ਲੋਕਾਂ ਨੂੰ ਪਾਠ ਕੋਈ ਦੂਣੀ ਦਾ ਪੜ੍ਹਾ ਗਿਆ ਹੈ। ਉਹ ਬੱਕਰੀ ਵਾਂਗ ਮੈਂ ਮੈਂ ਕਰੀਂ ਜਾ ਰਹੇ ਹਨ। ਉਹਨਾਂ ਨੂੰ ਆਪਣੇ ਆਲ਼ੇ ਦੁਆਲ਼ੇ ਕੀ ਹੋ ਰਿਹਾ ਹੈ ਕੋਈ ਪਤਾ ਨਹੀਂ। ਉਹਨਾਂ ਵਿਰਸਾ ਵੀ ਭੁੱਲ ਗਿਆ ਹੈ। ਉਂਝ ਫੁਕਰੀਆਂ ਮਾਰਨ ਲਈ ਉਹਨਾਂ ਦਾ ਕੋਈ ਜਵਾਬ ਨਹੀਂ। ਸਾਡੇ ਪੁਰਖਿਆਂ ਨੇ ਸਾਨੂੰ ਮਾਣ ਸਤਿਕਾਰ ਦਿੱਤਾ ਤੇ ਅਮੀਰ ਵਿਰਾਸਤ ਦਿੱਤੀ ਹੈ। ਸ਼ਬਦਾਂ ਦੀ ਜਾਦੂਗਰੀ ਨੇ ਇਤਿਹਾਸ ਸਿਰਜਿਆ ਹੈ। ਹੁਣ ਅਸੀਂ ਸ਼ਬਦਾਂ ਤੋਂ ਦੂਰ ਰਹਿਣ ਲਈ ਨਵੇਂ ਨਵੇਂ ਬਿਰਤਾਂਤ ਬਣਾਉਂਦੇ ਹਾਂ। ਇਸੇ ਕਰਕੇ ਅਗਲਿਆਂ ਨੇ ਸਾਡੀ ਡੈਮੋਗਰਾਫੀ ਬਦਲ ਦਿੱਤੀ ਹੈ। ਲੋਕ ਚੀਕਾਂ ਮਾਰਦੇ ਹਨ ਕਿ ਤੇ ਸਿਆਸੀ ਪਾਰਟੀਆਂ ਚੁੱਪ ਹਨ। ਉਹਨਾਂ ਵਾਸਤੇ ਵੋਟਾਂ ਜ਼ਰੂਰੀ ਹਨ। ਉਹਨਾਂ ਨੂੰ ਇਸ ਗੱਲ ਨਾਲ ਕੋਈ ਸਬੰਧ ਨਹੀਂ ਕਿ ਪੰਜਾਬ ਲੁੱਟਿਆ ਜਾ ਰਿਹਾ ਹੈ ਜਾਂ ਉਜਾੜਿਆ ਜਾ ਰਿਹਾ ਹੈ। ਝੰਡਾ ਸਿੰਘ ਨੇ ਤੇ ਉਸਦੇ ਚੁਟਕਲੇ ਸੁਣਾਉਣ ਤੇ ਸੁਣਨ ਵਾਲਿਆਂ ਨੇ ਵੀ ਰਿਕਾਰਡ ਬਣਾਇਆ ਹੈ।

ਮੁਹਾਵਰਿਆਂ ਦੀ ਦੁਨੀਆਂ ਦਾ ਆਪਣਾ ਹੀ ਰੰਗ ਹੈ, ਜਿਸ ਲੇਖਕ ਨੂੰ ਮੁਹਾਵਰੇ, ਅਖੌਤਾਂ, ਅਖਾਣਾਂ, ਲੋਕ ਬੋਲੀਆਂ ਤੇ ਗੀਤ ਨਹੀਂ ਆਉਦੇ, ਉਹ ਬੰਦੇ ਤੇ ਲਿਖਤਾਂ ਬਹੁਤੀ ਦੇਰ ਜਿੰਦਾ ਨਹੀਂ ਰਹਿੰਦੇ। ਸਦਾ ਜਿਉਂਦੇ ਰਹਿਣ ਲਈ ਘਰੋਂ ਤੁਰਨਾ ਪੈਂਦਾ ਹੈ ਤੇ ਲੋਕਾਂ ਲਈ ਜਿਉਣਾ ਪੈਂਦਾ ਹੈ। ਆਪਣੇ ਟੱਬਰ ਲਈ ਤਾਂ ਪਸ਼ੂ, ਪੰਛੀ ਤੇ ਜਾਨਵਰ ਵੀ ਨਹੀਂ ਕਮਾਉਂਦੇ ਪਰ ਅਸੀਂ ਪੁਸ਼ਤਾਂ ਦੂਜਿਆਂ ਦੇ ਕਮਾਉਣਾ ਤੇ ਜਿਉਣਾ ਮੁਸ਼ਕਿਲ ਹੁੰਦਾ ਹੈ। ਹਰ ਕੰਮ ਮੁਸ਼ਕਿਲ ਨਹੀਂ ਹੁੰਦਾ, ਜੇ ਕੰਮ ਕਰਦਿਆਂ ਤੁਸੀਂ ਵਜਦ ਵਿੱਚ ਆ ਕੇ ਗਾਉਂਦੇ ਨਹੀਂ ਤਾਂ ਤੁਸੀਂ ਕਾਮਯਾਬ ਨਹੀਂ ਹੋ ਸਕਦੇ। ਦੇ ਲਈ ਲੁੱਟ ਰਹੇ ਹਾਂ। ਰੱਜਿਆਂ ਹੋਇਆਂ ਦੇ ਮੂੰਹ ਨੂੰ ਘਿਓ ਹਰ ਕੋਈ ਲਾਉਦਾ ਪਤਾ ਤਾਂ ਉਦੋਂ ਲੱਗਦਾ ਜਦੋਂ ਕੋਈ ਭੁੱਖਿਆਂ ਦੇ ਮੂੰਹ ਨੂੰ ਟੁੱਕ ਲਾਉਦਾ ਹੈ। ਦੂਜਿਆਂ ਲਈ ਸੜਨਾ ਤੇ ਜਿਉਣਾ ਕਿਸੇ ਕਿਸੇ ਹਿੱਸੇ ਆਇਆ ਹੈ। ਚੈੱਕ ਦਾ ਮੁਹਾਵਰਾ ਹੈ : ਜਿਸ ਵਿੱਚੋਂ ਪੰਜਾਬ ਦੀ ਰੂਹ ਝਲਕਦੀ ਹੈ.....ਲੋਕਗੀਤ ਤੇ ਮੁਹਾਵਰੇ ਧਰਤੀ ਦੀ ਤਾਸੀਰ ਦੇ ਵਿੱਚੋਂ ਪੈਦਾ ਹੁੰਦੇ ਹਨ ਤੇ ਅਸਮਾਨ ਵਾਂਗੂੰ ਧਰਤੀ ਤੇ ਫੈਲ ਜਾਂਦੇ ਹਨ। ਚੈਕ ਦਾ ਮੁਹਾਵਰਾ ਸਾਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ "ਆਪਣੀ ਪਤਨੀ ਗਿੱਧੇ ਵਿੱਚੋਂ ਨਹੀਂ, ਸਗੋਂ ਵਾਢੀ ਸਮੇਂ ਖੇਤਾਂ ਵਿੱਚੋਂ ਚੁਣੋ!"".... ਤਿੰਨ ਚੀਜ਼ਾਂ ਬੰਦੇ ਨੂੰ ਘਰੋਂ ਬਾਹਰ ਭੱਜਣ ਲਈ ਮਜਬੂਰ ਕਰ ਸਕਦੀਆਂ ਹਨ, ਧੂੰਆਂ, ਤੇਜ ਬਾਰਸ ਅਤੇ ਗੁੱਸੇਖੋਰ ਪਤਨੀ!"" ਅੰਗਰੇਜ਼ੀ ਦਾ ਇਹ ਮੁਹਾਵਰਾ ਅੱਧੇ ਨਾਲ਼ੋਂ ਵੱਧ ਪੰਜਾਬ ਦੇ ਨਾਲ ਰਲਦਾ ਹੈ ਪਰ ਇਹ ਤਾਂ ਮੁਹਾਵਰਾ ਹੈ। ਜਿਹੜਾ ਹਰ ਥਾਂ ਹੁੰਦਾ ਹੈ। ਹਰ ਮਨੁੱਖ ਸੋਚਦਾ ਹੈ ਪਰ ਇਹ ਭਰਮ ਹੈ ਕਿ " ਸਮੁੱਚੇ ਮੁਲਕ ਵਿੱਚ ਇਕ ਹੀ ਪਤਨੀ ਬਹੁਤ ਚੰਗੀ ਹੁੰਦੀ ਹੈ ਤੇ ਹਰ ਆਦਮੀ ਸੋਚਦਾ ਹੈ ਕਿ ਇਹ ਉਸ ਨਾਲ ਰਹਿੰਦੀ ਹੈ।"" ਇਹ ਵੀ ਸੱਚ ਹੈ ਕਿ "ਪਤਨੀ ਦੀ ਚੋਣ ਕੰਨਾਂ ਸਹਾਰੇ ਕਰਨੀ ਚਾਹੀਦੀ ਹੈ ਨਾ ਕਿ ਅੱਖਾਂ ਸਹਾਰੇ!" ਕਿਉਂਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ । ਹਰ ਸੋਨੇ ਦਾ ਹਰ ਤਰ੍ਹਾਂ ਦਾ ਗਹਿਣਾ ਨੀ ਬਣਦਾ। ਗਹਿਣਿਆਂ ਨੂੰ ਪਿਆਰ ਕਰਨ ਵਾਲੀਆਂ ਰੋਟੀਆਂ ਨਹੀਂ ਪਕਾਉਦੀਆਂ ਸਗੋਂ ਹੱਥਾਂ ਉਤੇ ਨਚਾਉਦੀਆਂ ਹਨ ।"ਇਕ ਪਿਓ ਸੌ ਅਧਿਆਪਕਾਂ ਨਾਲੋਂ ਚੰਗਾ ਹੁੰਦਾ ਹੈ!"" ਤੁਹਾਡਾ ਬਾਪ ਤੁਹਾਡੇ ਵਜੂਦ ਦਾ ਹਿੱਸਾ ਹੁੰਦਾ ਹੈ! ਬੋਲਣ ਤੇ ਕੋਈ ਟੈਕਸ ਨਹੀਂ ਲੱਗਦਾ! ਇਕ ਚੁੱਪ ਸੌ ਦੁੱਖਾਂ ਦੀ ਜੜ੍ਹ ਹੁੰਦੀ ਹੈ। ਵਰਤਮਾਨ ਵੀ ਇਹ ਹੋਇਆ ਪਿਆ ਹੈ ਕਿ ਕੁੱਤੇ ਭੌਂਕਦੇ ਰਹੇ ਤੇ ਪਿੰਡ ਜਾਗਦਾ ਤਾਂ ਰਿਹਾ ਪਰ ਘਰਾਂ ਵਿੱਚ ਬਾਂਹ ਸਿਰਹਾਣੇ ਦੇ ਕੇ ਸੁੱਤਾ ਪਿਆ ਰਿਹਾ। ਜਦੋਂ ਪਿੰਡ ਬਾਹਰ ਨਿਕਲਿਆ ਤਾਂ ਕੁੱਤੇ ਦੁੰਮ ਲੁਆਕੇ ਦੌੜ ਗਏ। ਪਹਿਲਾਂ ਬਾਬਰ ਹਿੰਦ ' ਤੇ ਚੜ੍ਹ ਕੇ ਆਇਆ ਸੀ ਤਾਂ ਉਸਨੂੰ ਨਾਨਕ ਜੀ ਨੇ ਵੰਗਾਰਿਆ ਸੀ ਅਖਿਆ ਸੀ....ਬਾਬਰ ਹਿੰਦ ਤੇ ਚੜ੍ਹ ਕੇ ਆਇਆ। ਜੋਰੀ ਮੰਗੇ ਦਾਨ ਵੇ ਲਾਲੋ...! ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦ ਨਾ ਆਇਆ। ਹੁਣ ਭਾਈ ਲਾਲੋ ਉਦਾਸ ਹੋਇਆ ਦੋ ਪੁੜਾਂ ਹੇਠਾਂ ਪਿਸਦਾ ਹੈ, ਕੋਈ ਲਾਲੋ ਦੀ ਗੱਲ ਨਹੀਂ ਕਰਦਾ, ਸਭ ਮਲਕ ਭਾਗੋ ਬਣੇ ਭਾਈ ਲਾਲੋ ਦੀ ਲੁੱਟਮਾਰ ਕਰ ਰਹੇ ਹਨ। ਚਿਹਰੇ ਬਦਲਦੇ ਹਨ....ਜ਼ੁਲਮ ਦਾ ਤਰੀਕਾ ਨਹੀਂ ਬਦਲਿਆ। ਹੁਣ ਬੋਲਣ 'ਤੇ ਨਹੀਂ ...ਸਾਹ ਲੈਣ ਉਤੇ ਵੀ ਪਾਬੰਦੀਆਂ ਹਨ.....! ਕੌਣ ਸਾਹਿਬ ਨੂੰ ਆਖੇ ਕਿ ਇੰਝ ਨਾ ਕਰ। ਇਹਨਾਂ ਸਮਿਆਂ ਵਿੱਚ ਕੌਣ ਬਣੇਗਾ ਵਜੀਦ....ਫਰੀਦ...ਨਾਨਕ...? ਹੁਣ ਤਾਂ ਉਡੀਕ ਹੈ....ਕੋਈ ਆਵੇ ਜਾਨ ਛੁਡਾਵੇ....! ਐਨੇ ਗੈ ਗੁਜ਼ਰੇ ਨਹੀਂ ਸੀ ਪੰਜਾਬੀ। ਡਾਂਗ ਸਿਰਹਾਣੇ ਥੱਲੇ ਰੱਖ ਕੇ, ਸਿਰ ਉੱਪਰ ਕੱਫ਼ਨ ਬੰਨ੍ਹ ਜਿਉਂਣ ਵਾਲੇ ਹੁਣ ਦੁਸ਼ਮਣ ਨਾਲ ਲੜਨ ਦੀ ਵਜਾਏ ਇੱਕ ਦੂਜੇ ਨਾਲ ਲੜ ਲੜ ਕੇ ਮਰ ਰਹੇ ਹਨ। ਹੁਣ ਪਿਆਰ ਨਾਲ ਚੂਰੀ ਨਹੀਂ ਸਗੋਂ ਕੁੱਟ ਕੇ ਵਿਉ ਛਕਾਈ ਜਾ ਰਹੀ ਹੈ। ਅਸੀਂ ਵਿਉ ਵੀ ਖਾ ਰਹੇ ਤੇ ਸਭ ਕੁੱਝ ਗਵਾ ਵੀ ਰਹੇ। ਸਾਨੂੰ ਕਿਸਾਨ ਦੀ ਕਹਾਣੀ ਭੁੱਲ ਗਈ ਹੈ। ਜਿਸ ਦੇ ਚਾਰ ਪੁੱਤਰ ਸਨ। ਇਹ ਚਾਰ ਪੁੱਤਰ ਨਹੀਂ ਚਾਰ ਵਰਣ, ਜਾਤੀਆਂ ਹਨ । ਜਿਹੜੀਆਂ ਆਪਸ ਵਿੱਚ ਭਿੜ ਰਹੀਆਂ ਹਨ। ਇਹਨਾਂ ਚਾਰਾਂ ਦਾ ਇੱਕ ਬਾਪ ਹੈ...ਪਰ ਬਾਪ ਦੀ ਕੌਣ ਸੁਣਦਾ ਹੈ .? ਸਭ ਕੱਲੇ ਕੱਲੇ ਕੁੱਟ ਖਾ ਰਹੇ ਹਨ....ਤੇ ਮਰ ਰਹੇ ਹਨ। ਚਾਰੇ ਪੁੱਤ ਆਪਸ ਵਿੱਚ ਲੜ ਰਹੇ ਹਨ ਤੇ ਮਰ ਰਹੇ। ਚਾਰੇ ਪਾਸੇ ਭੇਡਾਂ ਦੇ ਬਾੜੇ ਵਾਂਗੂੰ ਰੋਲਾ ਪੈ ਰਿਹਾ ਹੈ. ਮੈ ਮੈ ਹੋ ਰਹੀ ਹੈ। ਆਜੜੀ ਉਨ ਵੀ ਲਾਹ ਰਿਹਾ ਤੇ ਮਾਸ ਵੀ ਵੇਚ ਰਿਹਾ ਹੈ। ਕਿਸਾਨ ਉਹ ਨੌਜਵਾਨ ਬਣਿਆ ਜਿਹੜਾ ਵੱਗ ਚਾਰਨ ਗਿਆ। ਪਿੰਡ ਆ ਕੇ ਰੌਲਾ ਪਾ ਰਿਹਾ ਕਿ ਸ਼ੇਰ ਆ ਗਿਆ ....ਪਰ ਲੋਕ ਘਰਾਂ ਵਿੱਚ ਸੁੱਤੇ ਹਨ। ਹੁਣ ਸ਼ੇਰ ਘਰਾਂ ਦੇ ਵਿੱਚੋ ਲੇਲੇ ਚੁੱਕੇਗਾ। ਦਾਹੜੀਆਂ ਵਾਲੇ ਰੋਣਗੇ....! ....ਵਾਰੋ ਵਾਰੀ ਆਪਣੀ...ਕੇ ਨੇੜੇ ਕੇ ਦੂਰਿ। ਉਜੜੇ ਬਾਗਾਂ ਦੇ ਗਾਲੜ ਬਣੇ ਪਟਵਾਰੀ....ਸੱਤਾ ਦੀ ਭੁੱਖ ਨੇ ਮਨੁੱਖ ਦੀ ਮੱਤ ਮਾਰੀ। ਖੇਤਾਂ ਨੂੰ ਕੱਟਣ ਦੀ ਕੀਤੀ ਪੂਰੀ ਹਾਕਮਾਂ ਤਿਆਰੀ ....! ....ਆ ਗਏ ਗੁਜਰਾਤੀ ਵਪਾਰੀ.....! ਮਨੁੱਖਤਾ ਕਿਉਂ ਗਈ ਹਾਰੀ, ਬਣੀ ਵੀਚਾਰੀ....?" ਗੱਲ ਸੀ ਸੰਸਾਰੀ, ਬਣੀ ਕਿਉਂ ਕਰਤਾਰੀ। ਅਤੀਤ ਪਾਵੇ ਲਾਹਣਤਾਂ....ਵਰਤਮਾਨ ਨੂੰ । ਵਰਤਮਾਨ ਦੌੜ ਰਿਹਾ ..ਭਵਿੱਖ ਬਚਾਉਣ ਨੂੰ ! ਘਿਉ ਬਣਿਆ ਵਿਉ...ਸੌ ਚਾਚੇ ਇਕ ਪਿਓ..! ਵੇਲਾ ਆ ਗਿਆ ਵਿਉ ਖਾਣ ਦਾ ! ਕਿਵੇਂ ਖਾਣੀ ਹੈ....ਅਮਰ ਹੋਣ ਲਈ ਜਾਂ ਮੁਕਤ ਹੋਣ ਲਈ, ਹੁਣ ਤੱਕ.ਚਿੱਟੀ ਸਿਉਕ ਨੇ ਜ਼ਹਿਰ ਹੀ ਛਕਾਇਆ ਹੈ ਤਾਂ ਹੀ ਹੁਣ ਇਹ ਵੇਲਾ ਆਇਆ ਹੈ! ਇਹਨਾਂ ਤੋਂ ਹਿਸਾਬ ਕਿਤਾਬ ਮੰਗਣ ਦਾ। ਭਾਈ ਮੰਨਾ ਸਿੰਘ ਆਖਦਾ ਹੁੰਦਾ ਸੀ .."ਕਿ ਤੀਆਂ ਨਾ ਲਾਇਓ....ਜੁੰਮਾ ਜੁੰਮੇਵਾਰ ਨਹੀਂ ....ਜਾਲਮਾਂ ਦਾ ਇਤਬਾਰ ਨਹੀਂ !"" ਪਰ ਅਸੀਂ ਤਾਂ ਡੋਲੀ ਤੋਰਨ ਵਾਲਿਆਂ ਵਾਂਗੂੰ ਬਰਾਤ ਉਡੀਕ ਦੇ ਰਹੇ...ਹੁਣ ਕੌਣ ਕਿਸ ਨੂੰ ਕਹੇ। ਸ਼ਾਇਰ ਜਸਵਿੰਦਰ ਬੋਲਦਾ....

""ਜਿਹੜੇ ਗਏ ਸੀ ਟਾਪੂਆਂ ਦੀ ਭਾਲ ਵਿੱਚ
ਕਿਸ਼ਤੀਆਂ ਵੀ ਗਵਾ ਆਏ...!""

ਸ਼ਾਹ ਮੁਹੰਮਦ ਬੋਲਦਾ ਹੈ...ਤੁਸੀਂ ਚੰਗੀਆਂ ਪੂਰੀਆਂ ਪਾ ਆਏ...!"

ਖਾਓ ਛਿੱਤਰ ਛਕੋ ਗੰਢੇ....ਹਰ ਰੋਜ਼ ਖਾਓ ਅੰਡੇ...ਸੰਡੇ ਤੇ ਮੰਡੇ !"

ਇਹਨਾਂ ਸਮਿਆਂ ਵਿੱਚ ਸਾਨੂੰ ਆਪਣਾ ਆਪ ਬਚਾਉਣ ਲਈ ਜ਼ਰੂਰੀ ਹੈ, ਕਿ ਚੰਗੀ ਸੋਚ ਰੱਖਣ ਵਾਲਿਆਂ ਨੂੰ ਜਗਾਈਏ ਤੇ ਉਹਨਾਂ ਨੂੰ ਸਮਝਾਈਏ ਕਿ ਜਿਉਣਾ ਹੈ, ਕਿ ਤਿੱਲ ਤਿੱਲ ਕਰਕੇ ਮਰਨਾ ਹੈ ? ਹੁਣ ਕੌਣ ਆਖੇਗਾ ਕਿ ਰਾਜੇ ਸ਼ੀਂਹ ਮੁਕਦਮ ਕੁੱਤੇ?



ਬੁੱਧ ਸਿੰਘ ਨੀਲੋਂ
9464370823

# ਜ਼ਿੰਦਗੀ ਦੇ ਰਾਜ਼ ( ਭਾਗ : 1 )



1. ਕਦੇ ਵੀ ਆਪਣਾ ਸਮਾਂ ਵਿਅਰਥ ਨਹੀਂ ਗੁਆਉਣਾ ਚਾਹੀਦਾ। ਕੁਝ ਨਾ ਕੁਝ ਚੰਗਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਪਤਾ ਨਹੀਂ ਇਹ ਤੁਹਾਨੂੰ ਭਵਿੱਖ ਵਿੱਚ ਕੀ ਦੇ ਜਾਵੇ।
2. ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ। ਸਵੇਰ ਦੀ ਸੈਰ ਕਰਨੀ ਚਾਹੀਦੀ ਹੈ ਤੇ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।
3. ਜ਼ਿੰਦਗੀ ਦਾ ਮਨੋਰਥ ' ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਤੇ ਚੰਗੇ ਕੰਮ / ਕਰਮ ਕਰਨੇ ' ਹੋਣਾ ਚਾਹੀਦਾ ਹੈ।
4. ਲੋੜਵੰਦਾਂ ਤੇ ਦੁਖੀਆਂ ਦੀ ਮੱਦਦ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲੈਂਦੇ ਰਹਿਣਾ ਚਾਹੀਦਾ ਹੈ।
5. ਆਪਣੀ ਨੇਕ ਕਮਾਈ ਵਿੱਚ ਹੀ ਸਬਰ ਰੱਖਣਾ ਚਾਹੀਦਾ ਹੈ। ਗਲਤ ਕਮਾਈ ਕਦੀ ਵੀ ਸੁੱਖ - ਸਕੂਨ ਨਹੀਂ ਦਿੰਦੀ ।
6. ਜ਼ਿੰਦਗੀ 'ਚ ਇਨਸਾਨੀਅਤ ਨੂੰ ਜਿਉਂਦਾ ਰੱਖ ਕੇ ਜੀਵਨ ਜਿਉਣਾ ਚਾਹੀਦਾ ਹੈ।
7. ਕਦੇ ਕਿਸੇ ਦਾ ਵਿਸ਼ਵਾਸ ਨਹੀਂ ਤੋੜਨਾ ਚਾਹੀਦਾ ।
8. ਜਾਤ ਅਤੇ ਧਰਮ ਦੀ ਕੱਟੜਤਾ ਨੁਕਸਾਨ ਪਹੁੰਚਾ ਸਕਦੀ ਹੈ। ਇਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ।
9. ਕਦੇ ਕਿਸੇ ਵੀ ਲੋੜਵੰਦ , ਅਸਹਾਈ ਤੇ ਸੰਕਟ 'ਚ ਫਸੇ ਇਨਸਾਨ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ।
10 ਸਾਮਾਨ ਖਰੀਦਣ ਤੋਂ ਪਹਿਲਾਂ ਦੁਕਾਨਦਾਰ ਨੂੰ ਪੈਸੇ ਨਹੀਂ ਦੇਣੇ ਚਾਹੀਦੇ , ਸਗੋਂ ਬਾਅਦ ਵਿੱਚ ਦੇਣੇ ਚਾਹੀਦੇ ਹਨ।
11. ਕਟੂ - ਬਚਨ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।
12. ਅੰਧ - ਵਿਸ਼ਵਾਸਾਂ ਤੋਂ ਬਚਣਾ ਚਾਹੀਦਾ ਹੈ ।
13. ਹਰ ਛੋਟਾ - ਵੱਡਾ ਫੈਸਲਾ ਬਹੁਤ ਸੋਚ - ਸਮਝ ਕੇ ਲੈਣਾ ਚਾਹੀਦਾ ਹੈ।
14. ਕਰਜ ਲੈਣ ਤੋਂ ਬਚਣਾ ਚਾਹੀਦਾ ਹੈ।
15. ਜ਼ਿੰਦਗੀ ਨੂੰ ਆਪਣੀ ਇੱਛਾ ਤੇ ਸਥਿਤੀ ਦੇ ਅਨੁਸਾਰ ਜਿਉਣਾ ਚਾਹੀਦਾ ਹੈ , ਲੋਕਾਂ ਅਨੁਸਾਰ ਨਹੀਂ।
16. ਪੰਛੀ - ਪਰਿੰਦਿਆਂ , ਜੀਵ - ਜੰਤੂਆਂ ਤੇ ਕੀੜੇ - ਮਕੌੜਿਆਂ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ।
17. ਸਾਨੂੰ ਵਾਤਾਵਰਨ ਤੇ ਧਰਤੀ - ਮਾਤਾ ਦੀ ਖੁਸ਼ਹਾਲੀ ਲਈ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ।
18. ਮਾਸਾਹਾਰ ਤੋਂ ਬਚਣਾ ਚਾਹੀਦਾ ਹੈ ; ਕਿਉਂਕਿ ਇਹ ਪਾਪ ਦਾ ਭਾਗੀਦਾਰ ਬਣਾਉਂਦਾ ਹੈ ।
19. ਭੋਜਨ ਖਾਣ ਤੋਂ ਪਹਿਲਾਂ ਹੱਥ ਸਾਬਣ ਨਾ਼ਲ ਜ਼ਰੂਰ ਧੋ ਲੈਣੇ ਚਾਹੀਦੇ ਹਨ।
20. ਆਪਣੇ ਪਰਿਵਾਰ ਨਾ਼ਲ ਪਿਆਰ ਨਾ਼ਲ ਰਹਿਣਾ ਚਾਹੀਦਾ ਹੈ ਤੇ ਪਰਿਵਾਰ ਦੇ ਸਭ ਮੈਂਬਰਾਂ ਦੀਆਂ ਜ਼ਰੂਰਤਾਂ , ਭਾਵਨਾਵਾਂ ਤੇ ਵਿਚਾਰਾਂ ਦਾ ਸਤਿਕਾਰ ਕਰਦੇ ਹੋਏ ਜੀਵਨ ਜਿਉਣਾ ਚਾਹੀਦਾ ਹੈ।
21. ਆਪਣੇ ਜੀਵਨ , ਸਿਹਤ , ਵਾਹਨ , ਕਰਜ ਤੇ ਮਕਾਨ ਦਾ ਬੀਮਾ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।
22. ਪਾਣੀ ਬਹੁਤ ਕੀਮਤੀ ਹੈ , ਇਸਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ।
23. ਬਿਜਲੀ , ਪੈਟਰੋਲੀਅਮ ਪਦਾਰਥਾਂ ਆਦਿ ਦੀ ਵਰਤੋਂ ਲੋੜ ਅਨੁਸਾਰ ਕਰਨੀ ਚਾਹੀਦੀ ਹੈ।
24. ਭੋਜਨ ਦੀ ਕਦਰ ਕਰਨੀ ਚਾਹੀਦੀ ਹੈ ਤੇ ਲੋੜ ਅਨੁਸਾਰ ਭੋਜਨ ਲੈਣਾ ਚਾਹੀਦਾ ਹੈ।
25. ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ।
26. ਆਪਣੀ ਵਿਅਕਤੀਗਤ , ਘਰੇਲੂ , ਆ਼ਲੇ - ਦੁਆ਼ਲੇ ਤੇ ਵਸਤੂਆਂ ਦੀ ਸਾਫ਼ - ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ।
27. ਜ਼ਿੰਦਗੀ ਵਿੱਚ ਪਰਿਵਾਰ ਤੇ ਦੋਸਤਾਂ ਨਾ਼ਲ ਜ਼ਰੂਰ ਘੁੰਮਣਾ - ਫਿਰਨਾ ਚਾਹੀਦਾ ਹੈ। ਇਹ ਬਹੁਤ ਜ਼ਰੂਰੀ ਤੇ ਉਤਸ਼ਾਹ ਭਰਪੂਰ ਹੁੰਦਾ ਹੈ।
28. ਜ਼ਿੰਦਗੀ ਦੇ ਹਰ ਪਲ ਵਿੱਚ ਹਰ ਤਿਓਹਾਰ ਤੇ ਪ੍ਰੋਗਰਾਮ ਦਾ ਪੂਰਾ ਅਨੰਦ ਮਾਣਨਾ ਚਾਹੀਦਾ ਹੈ।
29. ਦੂਸਰਿਆਂ ਨੂੰ ' ਨਾਂਹ ' ਕਹਿਣ ਦੀ ਆਦਤ ਵੀ ਪਾਉਣੀ ਚਾਹੀਦੀ ਹੈ।
30. ਆਪਣੀ ਵਿਅਕਤੀਗਤ ਆਜ਼ਾਦੀ ਹਰ ਕੀਮਤ 'ਤੇ ਬਹਾਲ ਰੱਖਣੀ ਚਾਹੀਦੀ ਹੈ।



ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
9478561356

# ਭਾਰਤੀ ਮਜ਼ਦੂਰ ਸਭਾ ਨੇ ਚੇਤਾਵਨੀ ਦਿੱਤੀ – "ਮਾਈਗ੍ਰੈਂਟ ਮਜ਼ਦੂਰ ਕਾਨੂੰਨੀ ਸ਼ੋਸ਼ਣ ਵਿੱਚ ਫਸੇ ਹੋਏ ਹਨ"

**ਸਮਾਜ ਵੀਕਲੀ ਯੂ ਕੇ**

ਭਾਰਤੀ ਮਜ਼ਦੂਰ ਸਭਾ (ਗ੍ਰੇਟ ਬ੍ਰਿਟੇਨ) ਨੇ ਚੇਤਾਵਨੀ ਦਿੱਤੀ ਹੈ ਕਿ ਬ੍ਰਿਟੇਨ ਵਿੱਚ ਹਜ਼ਾਰਾਂ ਵਿਦੇਸ਼ੀ ਮਜ਼ਦੂਰ "ਕਾਨੂੰਨੀ ਸ਼ੋਸ਼ਣ" ਦੀ ਸਥਿਤੀ ਵਿੱਚ ਫਸੇ ਹੋਏ ਹਨ ਕਿਉਂਕਿ ਮੌਜੂਦਾ ਵੀਜ਼ਾ ਨਿਯਮ ਉਨ੍ਹਾਂ ਨੂੰ ਸਿਰਫ਼ ਇੱਕ ਹੀ ਨੌਕਰਦਾਤਾ ਨਾਲ ਬੰਨ੍ਹ ਕੇ ਰੱਖਦੇ ਹਨ।

ਇਸ ਸੰਗਠਨ ਦਾ ਕਹਿਣਾ ਹੈ ਕਿ ਸਰਕਾਰੀ ਨੀਤੀਆਂ ਅਤੇ ਕਮਜ਼ੋਰ ਨਿਗਰਾਨੀ ਕਾਰਨ ਕੇਅਰ ਹੋਮ, ਹੋਸਪਿਟਾਲਿਟੀ ਅਤੇ ਕਲੀਨਿੰਗ ਸੈਕਟਰ ਵਿੱਚ ਕੰਮ ਕਰਨ ਵਾਲੇ ਕਈ ਵਿਦੇਸ਼ੀ ਮਜ਼ਦੂਰ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ।"ਕੋਈ ਵੀ ਮਜ਼ਦੂਰ ਸ਼ੋਸ਼ਣ ਤੇ ਡਿਪੋਰਟ ਹੋਣ ਵਿਚੋਂ ਚੋਣ ਕਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ," ਕਿਹਾ ਸੀਤਲ ਸਿੰਘ ਗਿੱਲ, ਜਨਰਲ ਸਕੱਤਰ, ਭਾਰਤੀ ਮਜ਼ਦੂਰ ਸਭਾ (ਜੀ.ਬੀ.) ਨੇ। "ਮੌਜੂਦਾ ਸਪਾਂਸਰਸ਼ਿਪ ਪ੍ਰਣਾਲੀ ਮਾਲਕਾਂ ਨੂੰ ਬਹੁਤ ਸ਼ਕਤੀ ਦਿੰਦੀ ਹੈ ਅਤੇ ਮਜ਼ਦੂਰਾਂ ਨੂੰ ਬਹੁਤ ਘੱਟ ਸੁਰੱਖਿਆ।"

ਮੌਜੂਦਾ ਸਕਿਲਡ ਵਰਕਰ ਵੀਜ਼ਾ ਨਿਯਮਾਂ ਅਨੁਸਾਰ, ਵਿਦੇਸ਼ੀ ਮਜ਼ਦੂਰਾਂ ਨੂੰ ਘੱਟੋ-ਘੱਟ £41,700 ਪ੍ਰਤੀ ਸਾਲ ਜਾਂ ਆਪਣੇ ਪੇਸ਼ੇ ਲਈ ਨਿਰਧਾਰਤ "ਗੋਇੰਗ ਰੇਟ" ਦੇ ਬਰਾਬਰ ਤਨਖ਼ਾਹ ਮਿਲਣੀ ਚਾਹੀਦੀ ਹੈ। ਉਨ੍ਹਾਂ ਨੂੰ £769 ਵੀਜ਼ਾ ਫੀਸ, £1,035 ਪ੍ਰਤੀ ਸਾਲ NHS ਸਰਚਾਰਜ, ਅਤੇ B1 ਪੱਧਰ ਦੀ ਅੰਗਰੇਜ਼ੀ ਜਾਣਨੀ ਲਾਜ਼ਮੀ ਹੈ (ਜੋ ਜਨਵਰੀ 2026 ਤੋਂ B2 ਹੋਵੇਗੀ)।ਕਿਉਂਕਿ ਉਨ੍ਹਾਂ ਦਾ ਵੀਜ਼ਾ ਸਿਰਫ਼ ਇੱਕ ਨੌਕਰਦਾਤਾ ਨਾਲ ਜੁੜਿਆ ਹੁੰਦਾ ਹੈ, ਬਹੁਤ ਸਾਰੇ ਮਜ਼ਦੂਰ ਡਰਦੇ ਹਨ ਕਿ ਜੇ ਉਹ ਸ਼ੋਸ਼ਣ ਦੀ ਸ਼ਿਕਾਇਤ ਕਰਨ ਜਾਂ ਨੌਕਰੀ ਬਦਲਣ ਦੀ ਕੋਸ਼ਿਸ਼ ਕਰਨ, ਤਾਂ ਉਹ ਆਪਣਾ ਵੀਜ਼ਾ ਗੁਆ ਸਕਦੇ ਹਨ।

ਪਬਲਿਕ ਅਕਾਊਂਟਸ ਕਮੇਟੀ, ਵਰਕ ਰਾਈਟਸ ਸੈਂਟਰ ਅਤੇ GLAA ਦੀਆਂ ਰਿਪੋਰਟਾਂ ਵਿੱਚ ਮਾਈਗ੍ਰੈਂਟ ਮਜ਼ਦੂਰਾਂ ਦੇ ਸ਼ੋਸ਼ਣ ਦੇ ਕਈ ਕੇਸ ਦਰਜ ਕੀਤੇ ਗਏ ਹਨ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ (OHCHR) ਨੇ ਵੀ ਬ੍ਰਿਟੇਨ ਨੂੰ ਵਿਦੇਸ਼ੀ ਮਜ਼ਦੂਰਾਂ ਦੀ "ਠੱਗੀ ਅਤੇ ਸ਼ੋਸ਼ਣ" ਤੋਂ ਰੱਖਿਆ ਕਰਨ ਦੀ ਅਪੀਲ ਕੀਤੀ ਹੈ। ਭਾਰਤੀ ਮਜ਼ਦੂਰ ਸਭਾ ਨੇ ਸਰਕਾਰ ਤੋਂ ਪੰਜ ਸੁਧਾਰਾਂ ਦੀ ਮੰਗ ਕੀਤੀ ਹੈ — ਸਪਾਂਸਰਸ਼ਿਪ ਪ੍ਰਣਾਲੀ ਖਤਮ ਕਰਨਾ, ਨਿਗਰਾਨੀ ਵਧਾਉਣਾ, "ਨੋ ਰੀਕੋਰਸ ਟੂ ਪਬਲਿਕ ਫੰਡਸ" ਖਤਮ ਕਰਨਾ, ਵਿਦੇਸ਼ੀ ਭਰਤੀ ਨਿਯਮਿਤ ਕਰਨਾ, ਅਤੇ ਵੀਜ਼ਾ ਤੇ NHS ਫੀਸ ਘਟਾਉਣਾ।1938 ਵਿੱਚ ਸਥਾਪਿਤ, ਭਾਰਤੀ ਮਜ਼ਦੂਰ ਸਭਾ ਲੰਮੇ ਸਮੇਂ ਤੋਂ ਮਜ਼ਦੂਰਾਂ ਦੇ ਅਧਿਕਾਰਾਂ ਤੇ ਸਮਾਨਤਾ ਲਈ ਆਵਾਜ਼ ਉਠਾ ਰਹੀ ਹੈ। ਇਹ ਸੰਗਠਨ ਹੁਣ ਮਿਡਲੈਂਡਸ ਦੇ ਕਈ ਸ਼ਹਿਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਅਤੇ ਮੀਟਿੰਗਾਂ ਕਰੇਗਾ।"ਬ੍ਰਿਟੇਨ ਦੀ ਅਰਥਵਿਵਸਥਾ ਵਿਦੇਸ਼ੀ ਮਜ਼ਦੂਰਾਂ ਤੇ ਟਿਕੀ ਹੈ," ਗਿੱਲ ਨੇ ਕਿਹਾ। "ਜੋ ਸਾਡੀ ਦੇਖਭਾਲ ਕਰਦੇ ਹਨ, ਉਨ੍ਹਾਂ ਦੀ ਰੱਖਿਆ ਕਰਨਾ ਸਾਡਾ ਫ਼ਰਜ਼ ਹੈ।"



Sital Singh Gill, General Secretary of the Indian Workers Association (Great Britain) - (Photo-Devon Winters )

# ਲੋਕ-ਸਾਹਿਤ ਜ਼ਰੀਏ ਪੰਜਾਬੀ ਰੂਹ ਦੇ ਦਰਸ਼ਨ

**ਪੁਸਤਕ: ਪੰਜਾਬੀ ਲੋਕ ਸਾਹਿਤ-ਮੌਖਿਕ ਰੂਪ**
**ਲੇਖਿਕਾ: ਡਾ.ਕੰਵਲਜੀਤ ਕੌਰ**
**ਪੰਨੇ: 170**
**ਪ੍ਰਕਾਸ਼ਕ: ਅਜ਼ੀਜ਼ ਬੁੱਕ ਹਾਊਸ**
**ਕੀਮਤ: ₹400**

ਜੀਵਨ ਇੱਕ ਅਜਿਹਾ ਵਰਤਾਰਾ ਹੈ ਜਿਸ ਨੂੰ ਮੁਕੰਮਲ ਰੂਪ ਵਿੱਚ ਸਮਝ ਪਾਉਣਾ ਕਈ ਵਾਰ ਅਸੰਭਵ ਜਿਹਾ ਕਾਰਜ ਭਾਸਦਾ ਹੈ। ਜੀਵਨ ਕੋਈ ਖਲਾਅ ਵਿੱਚੋਂ ਪਣਪਿਆ ਵਰਤਾਰਾ ਨਹੀਂ ਹੁੰਦਾ, ਸਗੋਂ ਇਹ ਤਾਂ ਵਿਵਿਧ ਪੱਖਾਂ ਜਿਵੇਂ-ਭਾਵਨਾਵਾਂ, ਸੰਘਰਸ਼ਾਂ, ਵਿਸ਼ਵਾਸਾਂ ਤੇ ਅਨੁਭਵਾਂ ਦੇ ਮੇਲ ਨਾਲ ਬਣਿਆ ਹੁੰਦਾ ਹੈ। ਜੇਕਰ ਅਸੀਂ ਕਿਸੇ ਜਨ ਸਮੂਹ ਦੇ ਜੀਵਨ ਨੂੰ ਸਮੁੱਚੇ ਰੂਪ ਵਿੱਚ ਵੇਖਣ, ਸਮਝਣ ਤੇ ਮਾਨਣ ਦੇ ਚਾਹਵਾਨ ਹੋਈਏ ਤਾਂ ਬਹੁਤ ਸਾਰੇ ਸਾਧਨਾਂ ਵਿੱਚੋਂ ਇੱਕ ਕਾਰਗਰ ਮਾਧਿਅਮ ਲੋਕ ਸਾਹਿਤ ਹੈ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਲੋਕ ਸਾਹਿਤ ਲੋਕ ਜੀਵਨ ਦਾ ਦਰਪਣ ਹੁੰਦਾ ਹੈ। ਇਸੇ ਪ੍ਰਸੰਗ ਵਿੱਚ ਡਾ. ਕੰਵਲਜੀਤ ਕੌਰ ਦੀ ਪੁਸਤਕ "ਪੰਜਾਬੀ ਲੋਕ ਸਾਹਿਤ: ਮੌਖਿਕ ਰੂਪ" ਵਿਸ਼ੇਸ਼ ਤੌਰ ਤੇ ਗੌਲਣਯੋਗ ਹੈ। ਪੁਸਤਕ ਦੀ ਉਥਾਨਿਕਾ ਅੰਦਰ ਡਾ. ਕੰਵਲਜੀਤ ਲਿਖਦੇ ਹਨ ਕਿ ਲੋਕ-ਸਾਹਿਤ ਦੇ ਜ਼ਰੀਏ ਜਿੱਥੇ ਪੰਜਾਬੀਆਂ ਦੇ ਰੰਗਲੇ ਜੀਵਨ ਦੀ ਬਹੁ-ਰੰਗੀ ਤਸਵੀਰ ਪੇਸ਼ ਹੁੰਦੀ ਹੈ, ਉਥੇ ਹੀ ਪੰਜਾਬੀ ਜਨ-ਜੀਵਨ ਦੇ ਵਲਵਲੇ, ਸਾਹਿਤ, ਇਤਿਹਾਸ ਤੇ ਸੱਭਿਆਚਾਰ ਦੇ ਦਰਸ਼ਨ ਵੀ ਹੁੰਦੇ ਹਨ। ਬਦਲਵੇਂ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਪੰਜਾਬੀ ਲੋਕ ਸਾਹਿਤ ਅੰਦਰ ਰੂਪਮਾਨ ਹੋਏ ਪੂਰੇ ਜੀਵਨ-ਚੱਕਰ ਨੂੰ ਇਸ ਪੁਸਤਕ ਰਾਹੀਂ ਵੇਖਿਆ ਜਾ ਸਕਦਾ ਹੈ।ਹਥਲੀ ਪੁਸਤਕ ਅੰਦਰ ਜਨਮ ਤੇ ਬਚਪਨ ਦੇ ਗੀਤ, ਵਿਆਹ ਨਾਲ ਸੰਬੰਧਿਤ ਲੋਕ ਗੀਤ, ਸੁਹਾਗ, ਘੋੜੀਆਂ, ਸਿੱਠਣੀਆਂ, ਛੰਦ ਪਰਾਗਾ, ਟੱਪੇ, ਦੋ ਤੁਕੀਆਂ ਜਾਂ ਦੋਹਰੀਆਂ ਬੋਲੀਆਂ, ਨਿੱਕੀਆਂ ਬੋਲੀਆਂ, ਲੰਮੀਆਂ ਬੋਲੀਆਂ, ਮੁਹਾਵਰੇ ਅਤੇ ਅਖਾਣ, ਕੀਰਨੇ ਤੇ ਅਲਾਹੁਣੀਆਂ, ਸਦ, ਆਰਤੀ, ਭੇਟਾ ਸ਼ਾਮਿਲ ਹਨ।ਪੰਜਾਬੀ ਲੋਕ ਸਮੂਹ ਅੰਦਰ ਨਵੇਂ ਜੀਅ ਦੀ ਆਮਦ ਉੱਤੇ, ਵਿਸ਼ੇਸ਼ ਤੌਰ ਤੇ ਜਦੋਂ ਘਰ ਵਿੱਚ ਪੁੱਤਰ ਜਨਮ ਲੈਂਦਾ ਹੈ, ਲੋਕ ਗੀਤ ਦਾ ਰੂਪ ਘੋੜੀ ਗਾਈ ਜਾਂਦੀ ਹੈ ਅਤੇ ਬੱਚੇ ਨੂੰ ਪਰਚਾਉਣ ਲਈ ਲੋਰੀਆਂ, ਤੇ ਮਨੋਰੰਜਨ ਲਈ ਕਿਕਲੀ ਤੇ ਥਾਲ ਵਰਗੇ ਲੋਕ ਗੀਤ ਗਾਏ ਜਾਂਦੇ ਹਨ। ਪੁਸਤਕ ਵਿਚੋਂ ਜਨਮ ਤੇ ਬਚਪਨ ਨਾਲ ਸਬੰਧਿਤ ਲੋਕ ਗੀਤਾਂ ਦੀ ਵੰਨਗੀ ਵੇਖੋ:

ਹਰਿਆ ਨੀ ਮਾਲਣ,ਹਰਿਆ ਨੀ ਭੈਣੇ,
ਹਰਿਆ ਨੀ ਭਾਗੀ, ਭਰਿਆ ਨੀ ਮਾਏ
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ,
ਸੋਈਓ ਦਿਹਾੜਾ ਭਾਗੀਂ, ਭਰਿਆ ਨੀ ਮਾਏ।_(ਘੋੜੀ)

ਜਾਂ

ਅੱਲ੍ਹੜ ਬੱਲੜ ਬਾਵੇ ਦਾ
ਬਾਵਾ ਕਣਕ ਲਿਆਵੇਗਾ
ਬਾਵੀ ਬੈਠੀ ਛੱਟੇਗੀ
ਮਾਂ ਪੂਣੀਆਂ ਵੱਟੇਗੀ (ਲੋਰੀ)

ਜਾਂ

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ
ਵੀਰ ਮੇਰਾ ਆਵੇਗਾ, ਭਾਬੋ ਨੂੰ ਲਿਆਵੇਗਾ
ਸਹੇਲੀਆਂ ਸਦਾਵਾਂਗੇ, ਨੱਚਾਂਗੇ ਤੇ ਗਾਵਾਂਗੇ।
(ਕਿੱਕਲੀ)

ਜ਼ਿਕਰਯੋਗ ਹੈ ਕਿ ਵਸ਼ਿਸ਼ਟ ਸਾਹਿਤ ਦੀ ਤਰ੍ਹਾਂ ਲੋਕ-ਸਾਹਿਤ ਦਾ ਕੋਈ ਇੱਕ ਰਚੇਤਾ ਨਹੀਂ ਹੁੰਦਾ। ਸਗੋਂ ਇਹ ਤਾਂ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿੱਚ



ਲੋਕ-ਸਮੂਹ ਦੀ ਪ੍ਰਵਾਨਗੀ ਨਾਲ ਸੰਚਾਰਿਤ ਹੁੰਦਾ ਹੈ। ਪੁਸਤਕ ਵਿੱਚ ਵਿਆਹ ਨਾਲ ਸਬੰਧਿਤ ਲੋਕ ਗੀਤਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਜਿਹਨਾਂ ਅੰਦਰ ਵਿਆਹ ਸਮੇਂ ਕੁੜੀ ਅਤੇ ਮੁੰਡੇ ਦੇ ਘਰਾਂ ਵਿੱਚ ਬਜ਼ੁਰਗ ਔਰਤਾਂ ਵੱਲੋਂ ਗਾਏ ਜਾਂਦੇ ਲੋਕ ਗੀਤ ਹਨ। ਸੁਹਾਗ ਵਿੱਚੋਂ ਕੁੜੀ ਦੇ ਮਨੋਭਾਵ ਅਤੇ ਕਾਮਨਾਵਾਂ ਦੇ ਦਰਸ਼ਨ, ਜੰਞ ਦੇ ਢੁਕਾਓ ਸਮੇਂ ਮਿੱਠੀਆਂ ਗਾਲਾਂ ਦੇ ਰੂਪ ਵਿੱਚ ਸਿੱਠਣੀਆਂ ਅਤੇ ਵਿਆਂਦੜ ਮੁੰਡੇ ਦੀ ਲਿਆਕਤ ਤੇ ਬੁੱਧੀ ਦੀ ਪਰਖ ਲਈ ਛੰਦ ਪਰਾਗਾ ਕਾਵਿ ਰੂਪ ਦੀ ਵਰਤੋਂ ਪੰਜਾਬੀ ਸੱਭਿਆਚਾਰ ਨੂੰ ਹੀ ਪੇਸ਼ ਕਰਦੀ ਹੈ। ਜਿਵੇਂ:

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਤਰ,
ਲੋਕ ਭਾਨੀਆ ਮਾਰਦੇ ਰਹਿ ਗਏ, ਸੰਜੋਗ ਜ਼ੋਰ-ਾਵਰ।(ਛੰਦ ਪਰਾਗਾ) ਜਾਂ
ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ,
ਜੰਞ ਤੇ ਸੱਜਦੀ ਨਹੀਂ
ਨਿਲੱਜਿਓ ਲੱਜ ਤੁਹਾਨੂੰ ਨਹੀਂ। (ਸਿੱਠਣੀਆਂ)

ਪੁਸਤਕ ਵਿੱਚ ਟੱਪਿਆਂ ਦੀ ਵੰਨਗੀ ਨੂੰ ਵੀ ਸ਼ਾਮਿਲ ਕੀਤਾ ਹੈ। ਇਕਹਿਰੀ ਤੁਕ ਵਾਲਾ ਢੋਲਕੀ ਦੇ ਨਾਲ ਗਾਇਆ ਜਾਣ ਵਾਲਾ ਇਹ ਲੋਕ ਗੀਤ ਕਵਿਤਾ ਦੀ ਹੀ ਇੱਕ ਵੰਨਗੀ ਹੁੰਦਾ ਹੈ। ਸ਼ਾਬਦਿਕ ਚਿੱਤਰਾਂ ਦੇ ਨਾਲ ਟੱਪੇ ਵਿੱਚ ਜੀਵਨ ਦੇ ਬਹੁਭਾਂਤੀ ਰੰਗਾਂ,ਸਥਿਤੀਆਂ ਜੀਵਨ ਦੀ ਅਸਥਿਰਤਾ,ਰਿਸ਼ਤਿਆਂ ਦਾ ਨਿਘ ਤੇ ਤਣਾਓ ਬਾਖ਼ੂਬੀ ਝਲਕਦਾ ਹੈ। ਜੀਵਨ ਦਾ ਅਟੱਲ ਨਿਯਮ ਹੈ ਕਿ ਜੋ ਵੀ ਇਨਸਾਨ ਜਿਹੋ ਜਿਹੇ ਵੀ ਕਰਮ ਕਰਦਾ ਹੈ ਬਦਲਵੇਂ ਰੂਪ ਵਿੱਚ ਉਸ ਨੂੰ ਓਹੋ ਕੁਝ ਹੀ ਪ੍ਰਾਪਤ ਹੁੰਦਾ ਹੈ। ਉਦਾਹਰਨ ਲਈ ਵੰਨਗੀ ਦੇਖੋ:

ਕਿੱਥੋਂ ਭਾਲਦੈ ਬਜੌਰ ਦੀਆਂ ਦਾਖਾਂ,
ਕਿੱਕਰਾਂ ਦੇ ਬੀਜ, ਬੀਜ ਕੇ।

ਇਸੇ ਤਰ੍ਹਾਂ ਪੁਸਤਕ ਵਿੱਚ ਬੋਲੀਆਂ, ਮੁਹਾਵਰੇ, ਅਖਾਣ, ਕੀਰਨੇ, ਸੱਦ, ਆਰਤੀਆਂ, ਅਤੇ ਭੇਟਾਂ ਆਦਿ ਦੀਆਂ ਵੱਖ-ਵੱਖ ਵੰਨਗੀਆਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ, ਜੋ ਨਾ ਸਿਰਫ਼ ਲੋਕ ਜੀਵਨ ਦੀ ਗਹਿਰਾਈ ਦਰਸਾਉਂਦੀਆਂ ਹਨ, ਸਗੋਂ ਪੰਜਾਬੀ ਸੱਭਿਆਚਾਰ ਦੇ ਹਰ ਪੱਖ ਨੂੰ ਜੀਵੰਤ ਰੂਪ ਵਿੱਚ ਸਾਹਮਣੇ ਲਿਆਉਂਦੀਆਂ ਹਨ। ਸੋ ਇਹ ਪੁਸਤਕ ਇਸ ਲਈ ਵੀ ਪੜ੍ਹਨੀ ਚਾਹੀਦੀ ਹੈ ਕਿਉਂਕਿ ਇਹ ਨਾ ਸਿਰਫ਼ ਪੜ੍ਹਨ ਦੀ ਲਗਨ ਜਗਾਉਂਦੀ ਹੈ, ਸਗੋਂ ਪੰਜਾਬੀ ਲੋਕ ਜੀਵਨ ਪ੍ਰਤੀ ਮਨ ਵਿੱਚ ਉਤਸ਼ਾਹ ਤੇ ਜਿਗਿਆਸਾ ਵੀ ਪੈਦਾ ਕਰਦੀ ਹੈ। ਵਿਸ਼ੇਸ਼ ਤੌਰ 'ਤੇ ਪੰਜਾਬੀ ਰੂਹ ਦੇ ਅਸਲ ਰੂਪ ਵਿੱਚ ਦਰਸ਼ਨ ਕਰਾਉਂਦੀ ਹੈ- ਉਹ ਰੂਹ ਜੋ ਭਾਵਨਾਵਾਂ, ਸੰਘਰਸ਼ਾਂ, ਸੱਭਿਆਚਾਰ ਅਤੇ ਜੀਵਨ ਦੇ ਰੰਗਾਂ ਨਾਲ ਭਰਪੂਰ ਹੈ।

**-ਪ੍ਰੋ.ਸੌਰਵ ਦਾਦਰੀ**
**ਕੀਰਤਪੁਰ ਸਾਹਿਬ**
**(84277-31983)**



Namo Buddhaye



# DHAMMA WAVES

Jai Bheem



**Watch us Live on Facebook every Sunday at 8 pm Indian Time**
**live call : +91-966-797-2248**
**E-mail : dhammawaves.info@gmail.com**

Follow Us : www.Dhammawaves.com Dhammawaves
E-mail : dhammawaves.info@gmail.com



## Venerable Bhikkhuni Sanghmitra

**Dhamma Desna By : Venerable Bhikkhuni Sanghmitra**

**Topic: "The Laws of Nature and Nature's Law: From the Viewpoint of Dhamma"**

**विषय: विषय: “प्रकृति के नियम और कुदरत का कानून: धम्म के दृष्टिकोण से”**

विषय: वर्तमान भारत में उपभोक्तावाद और महिलाओं की स्थिति बनाम महिलाओं के संवैधानिक अधिकार।



Sunday
Oct.26th,25
at 8 Pm
Indian Time

Live on Facebook

## Guest Speaker: Mrs. Namrata Chaddha

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com